26

# ਖ਼ੁਦਾ ਦੀ ਤਾੜਨਾ ਨੂੰ ਖਿੜੇ ਮੱਥੇ ਮੰਨ ਲੈਣਾ

## 2 ਸਮੂਏਲ 15-20

ਇਬਰਾਨੀਆਂ 12 ਅਧਿਆਇ ਇਕ ਅਜਿਹੇ ਵਿਸ਼ੇ ਤੇ ਗੱਲ ਕਰਦਾ ਹੈ, ਜੋ ਸਾਨੂੰ ਬੇਚੈਨ ਕਰ ਦਿੰਦਾ ਹੈ, ਅਤੇ ਉਹ ਵਿਸ਼ਾ ਹੈ ਖ਼ੁਦਾ ਦੀ ਤਾੜਨਾ।

ਜਿਨ੍ਹਾਂ ਲੋਕਾਂ ਦੇ ਨਾਮ ਇਬਰਾਨੀਆਂ ਦੀ ਪੱਤਰੀ ਭੇਜੀ ਗਈ ਸੀ ਉਹ ਦਿਲ ਢਾਹ ਚੁਕੇ ਅਤੇ ਛੱਡ ਕੇ ਜਾਣ ਵਾਲੇ ਸਨ। ਲੇਖਕ ਉਨ੍ਹਾਂ ਨੂੰ ਕੁਝ ਅਜਿਹੀਆਂ ਗੱਲਾਂ ਯਾਦ ਦੁਆ ਰਿਹਾ ਸੀ, ਜਿਨ੍ਹਾਂ ਨੂੰ ਉਹ ਭੁੱਲ ਚੁੱਕੇ ਸਨ:

> ... ਤੁਸੀਂ ਉਸ ਉਪਦੇਸ਼ ਨੂੰ ਭੁੱਲ ਗਏ ਜੋ ਜਿਸ ਤੋਂ ਤੁਹਾਨੂੰ ਪੁੱਤਰਾਂ ਵਾਂਙੁ ਸਮਝਾਈਦਾ ਹੈ।
>
> ਹੇ ਮੇਰੇ ਪੁੱਤਰ, ਤੂੰ ਪ੍ਰਭੂ ਦੀ ਤਾੜ ਨੂੰ ਤੁੱਛ ਨਾ ਜਾਣ,
> ਅਤੇ ਜਾਂ ਉਹ ਤੈਨੂੰ ਝਿੜਕੇ ਤਾਂ ਅੱਕ ਨਾ ਜਾਈਂ,
> *ਕਿਉਂ ਜੋ ਜਿਹ ਦੇ ਨਾਲ ਪਿਆਰ ਕਰਦਾ ਹੈ, ਪ੍ਰਭੂ ਉਹ ਨੂੰ ਤਾੜਦਾ ਹੈ,*
> ਅਤੇ ਹਰੇਕ ਪੁੱਤਰ ਨੂੰ ਜਿਹ ਨੂੰ ਉਹ ਕਬੂਲ ਕਰਦਾ ਹੈ ਉਹ ਕੋਰੜੇ ਮਾਰਦਾ ਹੈ।
>
> ... ਪਰਮੇਸ਼ੁਰ ਤੁਹਾਡੇ ਨਾਲ ਅਜਿਹਾ ਵਰਤਦਾ ਹੈ ਜਿਹਾ ਪੁੱਤਰ ਨਾਲ ਕਿਉਂ ਜੋ ਉਹ ਕਿਹੜਾ ਪੁੱਤਰ ਹੈ ਜਿਹ ਨੂੰ ਪਿਉ ਨਹੀਂ ਤਾੜਦਾ? ... ਫਿਰ ਸਾਡੇ ਸਰੀਰਕ ਪਿਉ ਸਨ ਜਿਹੜੇ ਤਾੜਨਾ ਕਰਦੇ ਸਨ ਅਤੇ ਅਸਾਂ ਉਨ੍ਹਾਂ ਦਾ ਆਦਰ ਕੀਤਾ। ਤਾਂ ਭਲਾ, ਅਸੀਂ ਬਹੁਤ ਵਧੀਕ ਆਤਮਿਆਂ ਦੇ ਪਿਤਾ ਦੇ ਅਧੀਨ ਨਾ ਹੋਈਏ ਅਤੇ ਜੀਵੀਏ? ਓਹ ਤਾਂ ਥੋੜੇ ਦਿਨਾਂ ਦੇ ਲਈ ਆਪਣੀ ਸਮਝ ਦੇ ਅਨੁਸਾਰ ਤਾੜਨਾ ਕਰਦੇ ਸਨ ਪਰ ਇਹ ਲਾਭ ਦੇ ਲਈ ਕਰਦਾ ਹੈ ਭਈ ਅਸੀਂ ਉਹ ਦੀ ਪਵਿੱਤਰਤਾਈ ਵਿਚ ਸਾਂਝੀ ਹੋਈਏ। ਸਾਰੀ ਤਾੜਨਾ ਤਾਂ ਓਸ ਵੇਲੇ ਅਨੰਦ ਦੀ ਨਹੀਂ ਸਗੋਂ ਸੋਗ ਦੀ ਗੱਲ ਸੁੱਝਦੀ ਹੈ ਪਰ ਮਗਰੋਂ ਉਹ ਉਨ੍ਹਾਂ ਨੂੰ ਜਿਹੜੇ ਉਹ ਦੇ ਨਾਲ ਸਿਧਾਏ ਗਏ ਹਨ ਧਰਮ ਦਾ ਸ਼ਾਂਤੀਦਾਇਕ ਫਲ ਦਿੰਦੀ ਹੈ (ਇਬਰਾਨੀਆਂ 12:5–11)।

ਜ਼ਰੂਰੀ ਨਹੀਂ ਕਿ ਸਾਨੂੰ ਇਸ ਗੱਲ ਦੀ ਸਮਝ ਹੋਵੇ ਹੀ ਕਿ ਸਾਡੇ ਰਾਹ ਵਿਚ ਮੁਸ਼ਕਿਲਾਂ ਕਿਉਂ ਆਉਂਦੀਆਂ ਹਨ, ਪਰ ਇਬਰਾਨੀਆਂ 12 ਅਧਿਆਇ ਸਿਖਾਉਂਦਾ ਹੈ ਕਿ ਜਦ ਔਖੇ ਸਮੇਂ ਆਉਂਦੇ ਹਨ, ਤਾਂ ਸਾਨੂੰ ਉਨ੍ਹਾਂ ਨੂੰ ਖਿੜੇ ਮੱਥੇ ਕਬੂਲ ਕਰ ਲੈਣਾ ਚਾਹੀਦਾ ਹੈ। ਸਾਨੂੰ ''ਆਤਮਾਵਾਂ ਦੇ ਪਿਤਾ ਦੇ ਹੋਰ ਵੀ ਅਧੀਨ'' (ਆਇਤ 9) ਰਹਿਣਾ ਸਿੱਖਣ ਦੀ ਲੋੜ ਹੈ। ਆਪਣੇ ਦਿਲ ਉਸ ਦੇ ਦਿਲ ਨਾਲ ਮਿਲਾਉਣ ਦੀ ਲੋੜ ਹੈ। ਅਜਿਹਾ ਕਰਨ ਨਾਲ ਅਖ਼ੀਰ ਅਸੀਂ ਹੋਰ ਵੀ ਭਗਤ ਹੋ ਜਾਵਾਂਗੇ। ਸਾਨੂੰ ਮਨ ਦੀ ਉਹ ਸ਼ਾਂਤੀ ਮਿਲੇਗੀ ਜਿਹੜੀ ਕਿਸੇ ਹੋਰ ਤਰੀਕੇ ਨਾਲ ਨਹੀਂ ਮਿਲ ਸਕਦੀ। ''ਧਰਮ ਦਾ ਸ਼ਾਂਤੀਦਾਇਕ ਫਲ''(ਆਇਤ 11) ਸਾਡੀ ਜ਼ਿੰਦਗੀ ਵਿਚ ਹੋਰ ਪੱਕਾ ਹੋ ਜਾਵੇਗਾ।

''ਖ਼ੁਦਾ ਦੀ ਡਾਂਟ ਨੂੰ ਖੁਸ਼ੀ ਨਾਲ ਕਬੂਲ ਕਰਨਾ'' ਦਾਊਦ ਦੀ ਜ਼ਿੰਦਗੀ ਵਿਚਲੇ ਇਸ ਅਧਿਐਨ ਦਾ ਵਿਸ਼ਾ ਹੈ। ਦ੍ਰਿਸ਼ ਵਿੱਚੋਂ ਪਰਦਾ ਉੱਠਣ ਤੇ ਅਸੀਂ ਵੇਖਾਂਗੇ ਕਿ ਦਾਊਦ ਨੂੰ ਖ਼ਬਰ ਮਿਲੀ ਕਿ ਅਬਸ਼ਾਲੋਮ ਹੈਬਰੋਨ ਵਿਚ ਰਾਜਾ ਬਣ ਗਿਆ ਹੈ, ਫ਼ੌਜ ਦੇ ਬਹੁਤ ਸਾਰੇ ਲੋਕ ਉਸ ਵੱਲ ਹੋ ਗਏ

ਹਨ, ਅਤੇ ਉਹ ਰਾਜਧਾਨੀ ਸ਼ਹਿਰ ਦੇ ਉੱਤਰ ਵੱਲ ਨੂੰ ਵਧ ਰਿਹਾ ਹੈ। ਦਾਊਦ ਨੇ ਫ਼ੌਰਨ ਮਹਿਲ ਦੇ ਸਭ ਲੋਕਾਂ ਨੂੰ ਕਿਹਾ, ''ਉੱਠੋ ਭੱਜ ਚੱਲੀਏ, ਨਹੀਂ ਤਾਂ ਅਬਸ਼ਾਲੋਮ ਦੇ ਹੱਥੋਂ ਅਸੀਂ ਨਾ ਬਚਾਂਗੇ!'' (2 ਸਮੂਏਲ 15:14)।

ਛੇਤੀ ਹੀ ਦਾਊਦ ਦਾ ਪਰਿਵਾਰ ਸ਼ਹਿਰ ਛੱਡ ਕੇ ਚਲਿਆ ਗਿਆ। ਇਸ ਉਮੀਦ ਨਾਲ ਕਿ ਉਨ੍ਹਾਂ ਅਤੇ ਅਬਸ਼ਾਲੋਮ ਦੀਆਂ ਫ਼ੌਜਾਂ ਵਿਚਕਾਰ ਯਰਦਨ ਦਰਿਆ ਆ ਜਵੇਗਾ, ਉਹ ਪੂਰਬ ਵੱਲ ਨਿਕਲ ਗਏ। ਜੈਤੂਨ ਪਹਾੜ ਤੇ ਚੜ੍ਹ ਕੇ ਦਾਊਦ ਦੇ ਪਿੱਛੇ ਸ਼ਹਿਰ ਵਿਚ ਰੋਣ ਦੀਆਂ ਅਵਾਜ਼ਾਂ ਸੁਣਾਈ ਦਿੱਤੀਆਂ।

> ਦਾਊਦ ਜ਼ੈਤੂਨ ਦੇ ਪਹਾੜ ਦੀ ਚੜ੍ਹਾਈ ਦੇ ਰਾਹ ਗਿਆ ਅਤੇ ਚੜ੍ਹਦੀ ਵੇਰ ਰੋਂਦਾ ਸੀ ਅਤੇ ਸਿਰ ਢੱਕਿਆ ਹੋਇਆ ਅਰ ਪੈਰੋਂ ਨੰਗਾ ਸੀ। ਉਸ ਦੇ ਨਾਲ ਦੇ ਸਭਨਾਂ ਲੋਕਾਂ ਨੇ ਆਪਣੇ ਸਿਰ ਢੱਕ ਲਏ ਅਤੇ ਚੜ੍ਹਦੇ ਜਾਂਦੇ ਸਨ ਅਤੇ ਚੜ੍ਹਦੀ ਵਾਰੀ ਰੋਂਦੇ ਸਨ (15:30)।

ਜੇ ਅਸੀਂ ਦਾਊਦ ਤੋਂ ਪੁੱਛੀਏ ਕਿ ਉਹ ਕਿਉਂ ਰੋਇਆ ਸੀ ਤਾਂ ਉਸ ਦਾ ਜਵਾਬ ਹੋ ਸਕਦਾ ਹੈ: ''ਮੈਂ ਰੋ ਰਿਹਾ ਹਾਂ ਕਿਉਂਕਿ ਪਿਤਾ ਦੇ ਰੂਪ ਵਿਚ ਨਾਕਾਮ ਰਿਹਾ ਹਾਂ ਅਤੇ ਹੁਣ ਮੇਰਾ ਆਪਣਾ ਬੇਟਾ ਮੇਰੇ ਖੂਨ ਦਾ ਪਿਆਸਾ ਹੈ। ਮੈਂ ਰੋ ਰਿਹਾ ਹਾਂ ਕਿਉਂਕਿ ਮੇਰੇ ਪਾਪਾਂ ਨੇ ਮੈਨੂੰ ਹੀ ਨਹੀਂ ਸਗੋਂ ਉਨ੍ਹਾਂ ਸਭਨਾਂ ਨੂੰ ਖ਼ਤਰੇ ਵਿਚ ਪਾਇਆ ਹੈ ਜਿਨ੍ਹਾਂ ਨੂੰ ਮੈਂ ਪਿਆਰ ਕਰਦਾ ਹਾਂ। ਮੈਂ ਰੋ ਰਿਹਾ ਹਾਂ ਕਿਉਂਕਿ ਮੇਰੇ ਖ਼ੁਦਾ ਦਾ ਸ਼ਹਿਰ ਅਤੇ ਉਸ ਵਿਚ ਰਹਿਣ ਵਾਲੇ ਖ਼ਤਰੇ ਵਿਚ ਹਨ। ਮੈਂ ਰੋ ਰਿਹਾ ਹਾਂ ਕਿਉਂਕਿ ਹੁਣ ਮੈਂ ਸੱਠਾਂ ਸਾਲਾਂ ਦਾ ਹੋ ਗਿਆ ਹਾਂ ਅਤੇ ਲਗਦਾ ਹੈ ਕਿ ਮੇਰੀ ਸਾਰੀ ਮਿਹਨਤ ਬੇਕਾਰ ਗਈ।'' ਇਕ ਪਲ ਲਈ ਰੁਕ ਕੇ ਉਹ ਫੇਰ ਕਹੇਗਾ, ''ਮੈਂ ਰੋ ਰਿਹਾ ਹਾਂ ਕਿਉਂਕਿ ਖ਼ੁਦਾ ਦੀ ਤਾੜਨਾ ਮੁਸ਼ਕਿਲ ਹੈ।''

ਦਾਊਦ ਪੀਸਿਆ ਹੋਇਆ ਅਤੇ ਤੜਾਇਆ ਹੋਇਆ ਸੀ, ਜੋ ਆਪਣੇ ਪਾਪਾਂ ਦੇ ਕਾਰਣ ਆਪਣੇ ਸਿਰ ਪਏ ਤੂਫ਼ਾਨਾਂ ਨਾਲ ਘਿਰ ਗਿਆ ਸੀ। ਅੰਦਰੋਂ ਉਹ ਲਹੂ ਲੁਹਾਨ ਸੀ। ਅਜੇ ਵੀ ਉਹ ਆਪਣੇ ਪਾਪਾਂ ਨਾਲ ਲੜ ਰਿਹਾ ਸੀ। ਉਹ ਆਪਣੇ ਪਰਿਵਾਰ ਦੀਆਂ ਮੁਸ਼ਕਿਲਾਂ ਨਾਲ ਲੜਨ ਤੋਂ ਅਸਮਰਥ ਸੀ। ਮੁਸੀਬਤ ਆਉਣ ਤੇ ਕਿਰਿਆ ਨਾਲੋਂ ਪ੍ਰਤੀਕਿਰਿਆ ਕਰ ਸਕਦਾ ਸੀ। ਇਹ ਉਹ ਦਾਊਦ ਸੀ ਜਿਸ ਨੇ ਆਖਿਆ: ''ਆਓ ਅਸੀਂ ਭੱਜ ਚੱਲੀਏ'' ਅਤੇ ਜੈਤੂਨ ਪਹਾੜ ਦੀ ਚੜ੍ਹਾਈ ਚੜ੍ਹਦੇ ਹੋਏ, ਉਹ ਜੋ ਬਾਦਸ਼ਾਹ ਘੱਟ, ਮੰਗਤਾ ਬਹੁਤਾ ਲਗਦਾ ਸੀ, ਰੋ ਰਿਹਾ ਸੀ।

ਇਸ ਦਾ ਮਤਲਬ ਇਹ ਨਹੀਂ ਕਿ ਦਾਊਦ ਖ਼ਤਮ ਹੋ ਚੁੱਕਿਆ ਸੀ ਜਾਂ ਖ਼ੁਦਾ ਦਾ ਉਸ ਨਾਲ ਕੋਈ ਨਾਤਾ ਨਹੀਂ ਸੀ। ਅੱਗੇ ਪੜ੍ਹਦਿਆਂ ਮੈਂ ਦਾਊਦ ਦੇ ਵਿਹਾਰ ਤੋਂ ਪ੍ਰਭਾਵਿਤ ਹੋ ਗਿਆ ਕਿ ਅਜਿਹੇ ਹਾਲਾਤ ਵਿਚ ਵੀ ਦਾਊਦ ਦਾ ਵਿਹਾਰ ਇਸ ਸਮੇਂ ਦੀ ਸਮੀਖਿਆ ਕਰਦੇ ਹੋਏ, ਮੇਰੇ ਵਿਚਾਰ ਵਿਚ ਮੈਂ ਜੋ ਸਿੱਖਿਆ ਉਹ ਇਹ ਹੀ ਸੀ ਕਿ ਖ਼ੁਦਾ ਦੀ ਤਾੜਨਾ ਨੂੰ ਖੁਸ਼ੀ ਨਾਲ ਕਬੂਲ ਕਰ ਲਿਆ ਜਾਣਾ ਚਾਹੀਦਾ ਹੈ।

## ਉਸ ਨੂੰ ਦੂਜਿਆਂ ਦੀ ਪਰਵਾਹ ਸੀ (15:18-22)

ਦਾਊਦ ਦਾ ਪਰਿਵਾਰ ਜਦ ਯਰੂਸ਼ਲਮ ਨੂੰ ਛੱਡ ਕੇ ਜਾ ਰਿਹਾ ਸੀ, ਤਾਂ ਦਾਊਦ ਆਖ਼ਰੀ ਘਰ ਵਿਚ ਰੁਕ ਕੇ ਆਪਣੇ ਘਰ ਦੇ ਹਰ ਮੈਂਬਰ ਨੂੰ ਜਾਂਦਿਆਂ ਵੇਖ ਰਿਹਾ ਸੀ। ਅਖ਼ੀਰ ਵਿਚ, ਗਿੱਤੀ ਇਤਈ ਵੀ ਉਨ੍ਹਾਂ ਲੋਕਾਂ ਦੇ ਨਾਲ ਆ ਗਿਆ।[1] ''ਗਿੱਤੀ'' ਤੋਂ ਭਾਵ ਹੈ ਕਿ ਇਤਈ ਗਥ ਨਗਰ ਦਾ ਰਹਿਣ ਵਾਲਾ ਸੀ। ਉਹ ਇਹ ਫ਼ਲਿਸਤੀ ਸੈਨਾਪਤੀ ਸੀ ਜਿਹੜਾ ਦਾਊਦ ਦੀ ਫ਼ੌਜ ਵਿਚ ਸ਼ਾਮਲ ਹੋਣ ਲਈ ਹੁਣੇ ਹੁਣੇ ਹੀ ਸਿਪਾਹੀਆਂ ਦੀ ਇਕ ਟੋਲੀ ਲੈ ਕੇ ਆਇਆ ਸੀ। ਦਾਊਦ ਨੇ ਉਸ ਨੂੰ ਰੋ ਕੇ ਕਿਹਾ:

> ਤੂੰ ਸਾਡੇ ਨਾਲ ਕਿਉਂ ਆਇਆ ਹੈ? ਤੂੰ ਮੁੜ ਜਾਹ ਅਤੇ ਬਾਦਸ਼ਾਹ ਨਾਲ ਰਹੁ ਕਿਉਂ ਜੋ ਤੂੰ ਓਪਰਾ ਹੈਂ ਅਤੇ ਆਪਣੇ ਦੇਸੋਂ ਕੱਢਿਆ ਹੋਇਆ ਵੀ ਹੈਂ। ਆਪਣੇ ਥਾਂ ਮੁੜ ਜਾਹ![2] ਕੱਲ ਹੀ ਤਾਂ ਤੂੰ ਆਇਆ ਹੈਂ ਅਤੇ ਭਲਾ, ਅੱਜ ਹੀ ਮੈਂ ਤੈਨੂੰ ਆਪਣੇ ਨਾਲ ਐਧਰ ਉੱਧਰ ਭੁਆਵਾਂ ਕਿਉਂ ਜੋ ਮੇਰੇ ਜਾਣ ਦਾ ਕੋਈ ਥਹੁ ਨਹੀਂ? ਤੂੰ ਮੁੜ ਜਾਹ ਅਤੇ ਆਪਣੇ ਭਰਾਵਾਂ ਨੂੰ ਭੀ ਲੈ ਜਾਹ ਅਤੇ ਦਯਾ ਅਰ ਸਚਿਆਈ ਤੇਰੇ ਨਾਲ ਹੋਵੇ (15:19, 20)।

ਦਾਊਦ ਨੇ ਅਬਸ਼ਾਲੋਮ ਨੂੰ ''ਬਾਦਸ਼ਾਹ'' ਆਖਿਆ। ਜਿੱਥੋਂ ਤਕ ਦਾਊਦ ਨੂੰ ਪਤਾ ਸੀ, ਉਸ ਦਾ ਰਾਜ ਖ਼ਤਮ ਹੋ ਚੁੱਕਿਆ ਸੀ। ਉਸ ਨੂੰ ਬਿਲਕੁਲ ਪਤਾ ਨਹੀਂ ਸੀ ਕਿ ਭਵਿੱਖ ਵਿਚ ਕੀ ਹੋਵੇਗਾ। ਅਜਿਹੇ ਹਾਲਾਤ ਵਿਚ ਮੇਰੇ ਵਿਚਾਰ ਆਪਣੇ ਤੇ ਹੀ ਟਿਕੇ ਹੋਣਗੇ ਕਿ ''ਮੇਰਾ ਕੀ ਹੋਵੇਗਾ?'' ਜਦ ਦਾਊਦ ਨੇ ਇਤਈ ਨੂੰ ਵੇਖਿਆ, ਤਾਂ ਉਸ ਨੇ ਇਤਈ, ਆਪਣੇ ਆਦਮੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਜ਼ਬੂਤੀ ਤੇ ਖਿਆਲ ਕੀਤਾ। ''ਤੁਹਾਡੇ ਲਈ ਮੇਰੇ ਨਾਲ ਜਾਣਾ ਜ਼ਰੂਰੀ ਨਹੀਂ ਹੈ। ਜਾਓ ਸ਼ਹਿਰ ਵਿਚ ਪਰਤ ਜਾਓ। ਮੈਂ ਸਮਝ ਜਾਵਾਂਗਾ।''

ਦਾਊਦ ਦੀ ਚਿੰਤਾ ਬਾਈਬਲ ਦੇ ਸਮਰਪਣ ਦੇ ਮਹਾਨਤਾ ਵਾਅਦਿਆਂ ਵਿੱਚੋਂ ਇਕ ਵੱਲ ਧਿਆਨ ਦੁਆਉਂਦੀ ਹੈ: ''ਤਦ ਇੱਤਈ ਨੇ ਬਾਦਸ਼ਾਹ ਨੂੰ ਉੱਤਰ ਦੇ ਕੇ ਆਖਿਆ, ਜੀਉਂਦੇ ਯਹੋਵਾਹ ਅਤੇ ਮੇਰੇ ਮਹਾਰਾਜ ਬਾਦਸ਼ਾਹ ਦੀ ਜਿੰਦ ਦੀ ਸੌਂਹ, ਜਿੱਥੇ ਕਿਤੇ ਮੇਰਾ ਮਹਾਰਾਜ ਬਾਦਸ਼ਾਹ ਭਾਵੇਂ ਮੋਇਆ ਹੋਵੇ ਭਾਵੇਂ ਜੀਉਂਦਾ ਉੱਥੇ ਤੁਹਾਡਾ ਟਹਿਲੂਆ ਵੀ ਅਵੱਸ਼ ਹੋਵੇਗਾ'' (15:21)।

ਜਦ ਸਾਡੀ ਜ਼ਿੰਦਗੀ ਵਿਚ ਔਕੜਾਂ ਆਉਂਦੀਆਂ ਹਨ, ਤਾਂ ਉਨ੍ਹਾਂ ਤੇ ਆਮ ਪ੍ਰਤੀਕਿਰਿਆ ''ਹਾਇ ਮੇਰੇ ਉੱਤੇ'' ਦਾ ਕੁਰਲਾਉਣਾ ਹਨੇਰੀ ਨੁੱਕਰ ਵਿਚ, ਸਾਡੇ ਜ਼ਖ਼ਮਾਂ ਨੂੰ ਚੱਟਦੇ ਹੋਏ ਗਾਉਂਦੇ ਹੋਏ, ਬੇਤਰਤੀਬ ਕਰ ਦਿੰਦਾ ਹੈ। ਜੇ ਅਸੀਂ ਖ਼ੁਦਾ ਦੀ ਤਾੜਨਾ ਨੂੰ ਖੁਸ਼ੀ ਨਾਲ ਕਬੂਲ ਕਰਨਾ ਸਿੱਖ ਲਈਏ, ਤਾਂ ਸਾਡੇ ਲਈ ਆਪਣੇ ਆਪ ਵਿੱਚੋਂ ਬਾਹਰ ਨਿਕਲ ਕੇ ਦੂਜੇ ਦੀਆਂ ਲੋੜਾਂ ਵੱਲ ਧਿਆਨ ਦੇਣਾ ਅਸਾਨ ਹੋਵੇਗਾ, ਖ਼ਾਸ ਕਰ ਉਨ੍ਹਾਂ ਲੋਕਾਂ ਤੇ ਜਿਨ੍ਹਾਂ ਨੂੰ ਸਾਡੇ ਵਰਗੇ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਉਸ ਨੇ ਆਪਣਾ ਭਵਿੱਖ ਖੁਦਾ ਦੇ ਹੱਥ ਦੇ ਦਿੱਤਾ (15:23-29)

ਗਤੀ ਇਤਈ ਦੇ ਕਿਦਰੋਨ ਦਾ ਨਾਲਾ ਪਾਰ ਕਰਨ ਤਕ ਸਾਦੋਕ ਅਤੇ ਅਬਯਾਥਾਰ ਆ ਗਏ। ਉਹ ਦੋ ਯਾਜਕ ਸਨ, ਜਿਨ੍ਹਾਂ ਨੂੰ ਦਾਊਦ ਨੇ ਗਿਬਓਨ ਵਿਚ ਤੰਬੂ ਵਿਚ ਯਰੂਸ਼ਲਮ ਵਿਚ ਸੰਦੂਕ ਦੀ ਦੇਖਰੇਖ ਕਰਨ ਲਈ ਨਿਯੁਕਤ ਕੀਤਾ ਸੀ। ਉਨ੍ਹਾਂ ਨਾਲ ਅਹਿਦ ਦਾ ਸੰਦੂਕ ਲਿਜਾ ਰਹੇ ਲੇਵੀ ਵੀ ਸਨ।[3] ਉਹ ਬਾਦਸ਼ਾਹ ਦੇ ਨਾਲ ਜਾਣ ਨੂੰ ਤਿਆਰ ਸਨ, ਪਰ ਦਾਊਦ ਨੇ ਕਿਹਾ,

> ਪਰਮੇਸ਼ੁਰ ਦਾ ਸੰਦੂਕ ਸ਼ਹਿਰ ਨੂੰ ਮੋੜ ਲੈ ਜਾਓ। ਜੇਕਰ ਯਹੋਵਾਹ ਵੱਲੋਂ ਮੇਰੇ ਉੱਤੇ ਕਿਰਪਾ ਦੀ ਨਿਗਾਹ ਹੋਈ ਤਾਂ ਉਹ ਮੈਨੂੰ ਮੋੜ ਲਿਆਵੇਗਾ ਅਤੇ ਉਸ ਦੇ ਅਰ ਉਸ ਦੇ ਅਸਥਾਨ ਦੇ ਦਰਸ਼ਨ ਮੈਨੂੰ ਫੇਰ ਕਰਾਵੇਗਾ। ਪਰ ਜੇ ਉਹ ਇਉਂ ਆਖੇ ਭਈ ਮੈਂ ਹੁਣ ਤੇਰੇ ਨਾਲ ਰਾਜ਼ੀ ਨਹੀਂ ਤਾਂ ਮੈਂ ਹਾਜ਼ਰ ਹਾਂ। ਜੋ ਉਹ ਦੀ ਨਿਗਾਹ ਵਿਚ ਚੰਗਾ ਹੈ ਸੋ ਮੇਰੇ ਨਾਲ ਕਰੇ (15:25, 26)।

ਦਾਊਦ ਨੂੰ ਸਮਝ ਸੀ ਕਿ ਸੰਦੂਕ ਨਾਲ ਉਨ੍ਹਾਂ ਦੀ ਕਿਸਮਤ ਨਹੀਂ ਬਦਲੇਗੀ। ਇਹ ਯਰੂਸ਼ਲਮ ਵਿਚਲੋਕਾਂ ਨੂੰ ਯਾਦ ਦੁਆਉਣ ਲਈ ਹੋਣਾ ਜ਼ਰੂਰੀ ਹੈ ਕਿ ਇਸਰਾਏਲ ਦਾ ਅਸਲੀ ਬਾਦਸ਼ਾਹ ਯਹੋਵਾਹ ਹੀ ਹੈ। ਦਾਊਦ ਦੀ ਗੱਲ ਦੀ ਸਭ ਤੋਂ ਹੈਰਾਨ ਕਰਨ ਵਾਲੀ ਗੱਲ ਉਹ ਵਿਹਾਰ ਹੈ ਜਿਹੜਾ ਇਸ ਤੋਂ ਪਤਾ ਲੱਗਾ। ਦਾਉਦ ਦੇ ਸ਼ਬਦ ਸਮਝਾ ਦਿੰਦੇ ਹਨ ਕਿ ਯਹੋਵਾਹ ਦੇ ਅਨੁਸ਼ਾਸਨ ਨੂੰ ਖਿੜੇ ਮੱਥੇ ਮੰਨ ਲੈਣ ਦਾ ਕੀ ਮਤਲਬ ਹੈ। ਉਨ੍ਹਾਂ ਨੂੰ ਫੇਰ ਪੜ੍ਹੋ:

> ਜੇਕਰ ਯਹੋਵਾਹ ਵੱਲੋਂ ਮੇਰੇ ਉੱਤੇ ਕਿਰਪਾ ਦੀ ਨਿਗਾਹ ਹੋਈ ਤਾਂ ਉਹ ਮੈਨੂੰ ਮੋੜ ਲਿਆਵੇਗਾ ਅਤੇ ਉਸ ਦੇ ਅਰ ਉਸ ਦੇ ਅਸਥਾਨ [ਖ਼ੁਦਾ ਦੇ ਨਿਵਾਸ ਸਥਾਨ ਭਾਵ ਯਰੂਸ਼ਲਮ] ਦੇ ਦਰਸ਼ਨ ਮੈਨੂੰ ਫੇਰ ਕਰਾਵੇਗਾ। ਪਰ ਜੇ ਉਹ ਇਉਂ ਆਖੇ ਭਈ ਮੈਂ ਹੁਣ ਤੇਰੇ ਨਾਲ ਰਾਜ਼ੀ ਨਹੀਂ ਤਾਂ ਮੈਂ ਹਾਜ਼ਰ ਹਾਂ। ਜੋ ਉਹ ਦੀ ਨਿਗਾਹ ਵਿਚ ਚੰਗਾ ਹੈ ਸੋ ਮੇਰੇ ਨਾਲ ਕਰੇ (15:25, 26)।

ਅਸੀਂ ਹੈਰਾਨ ਹੋ ਕੇ ਵੇਖ ਰਹੇ ਸਾਂ, ਜਦ ਲੜਕਪਣ ਵਿਚ ਹੀ ਦਾਊਦ ਨੇ ਇਕ ਦਿਓ ਨੂੰ ਮਾਰਿਆ ਸੀ। ਅਸੀਂ ਹੈਰਾਨ ਖੜੇ ਸਾਂ ਜਦ ਇਕ ਭਗੌੜੇ ਦੇ ਰੂਪ ਵਿਚ ਉਸ ਨੇ ਆਪਣੇ ਦੁਸ਼ਮਣ ਸ਼ਾਊਲ ਨੂੰ ਨੁਕਸਾਨ ਪੁਚਾਉਣ ਤੋਂ ਇਨਕਾਰ ਕੀਤਾ ਸੀ। ਇਕ ਸਿਪਾਹੀ ਅਤੇ ਸਫ਼ੀਰ ਦੇ ਰੂਪ ਵਿਚ ਅਸੀਂ ਉਸ ਦੀ ਕਾਮਯਾਬੀ ਤੇ ਹੈਰਾਨ ਸਾਂ। ਇਹ ਸਭ ਉਪਲਬਧੀਆਂ ਖ਼ੁਦਾ ਵਿਚ ਉਸ ਦੇ ਵਿਸ਼ਵਾਸ ਕਾਰਣ ਹੋ ਸਕੀਆਂ ਸਨ। ਪਰ ਹੁਣ ਜਦ ਕਿ ਦਾਊਦ ਥੱਕਿਆ ਹੋਇਆ ਸੀ ਅਤੇ ਉਸ ਦਾ ਦਿਲ ਟੁੱਟ ਗਿਆ ਸੀ, ਤਾਂ ਅਸੀਂ ਉਸ ਵਿਚ ਉਹ ਚੀਜ਼ ਵੇਖ ਰਹੇ ਹਾਂ ਜਿਹੜੀ ਪਹਿਲਾਂ ਕਦੇ ਨਹੀਂ ਵੇਖੀ। ਅਸੀਂ ਉਸ ਵਿਚ *ਪਰਿਪੱਕਤਾ* ਨੇ ਵੇਖਦੇ ਹਾਂ। ਉਹ ਇਹ ਬੇਨਤੀ ਨਹੀਂ ਕਰ ਰਿਹਾ ਕਿ ਸੀ ਕਿ ''ਐ ਖ਼ੁਦਾ, ਮੈਨੂੰ ਜਿਤਵਾ ਦੇ।'' ਉਹ ਇਹ ਦੁਆ ਵੀ ਨਹੀਂ ਕਰ ਰਿਹਾ ਸੀ ਕਿ ''ਐ ਖ਼ੁਦਾ, ਮੈਨੂੰ ਵਿਖਾ ਕਿ ਮੈਂ ਕੀ ਕਰਨਾ ਹੈ।'' ਸਗੋਂ ਉਹ ਖ਼ੁਦਾ ਅੱਗੇ ਇਹ ਕਹਿੰਦਾ ਹੋਇਆ ਝੁਕਿਆ ਹੋਇਆ ਸੀ, ''ਮੇਰੇ ਨਾਲ ਉਵੇਂ ਹੀ ਹੋਵੇ ਜਿਵੇਂ ਤੂੰ ਚਾਹੁੰਦਾ ਹੈ। ਅਗਰ ਤੂੰ ਚਾਹੁੰਦਾ ਹੈ ਕਿ ਮੈਂ ਫੇਰ ਗੱਦੀ ਤੇ ਬੈਠਾਂ, ਤਾਂ ਵੀ ਠੀਕ ਹੈ। ਅਗਰ ਤੂੰ ਨਹੀਂ ਚਾਹੁੰਦਾ ਤਾਂ ਮੈਨੂੰ ਇਹ ਵੀ ਮੰਜ਼ੂਰ ਹੈ। ਤੂੰ ਹੀ ਜਾਣਦਾ ਹੈਂ ਕਿ ਬੇਹਤਰ ਕੀ ਹੈ; ਮੈਂ ਨਹੀਂ ਜਾਣਦਾ। ਜਿਵੇਂ ਤੈਨੂੰ ਚੰਗਾ ਲੱਗੇ ਉਵੇਂ ਮੇਰੇ ਨਾਲ ਕਰ।''

ਸਾਦੋਕ ਅਤੇ ਅਬਯਾਥਾਰ ਜ਼ਰੂਰ ਮਾਯੂਸ ਲੱਗੇ ਹੋਣਗੇ ਜਦ ਦਾਊਦ ਨੇ ਉਨ੍ਹਾਂ ਨੂੰ ਯਰੂਸ਼ਲਮ ਪਰਤਣ ਨੂੰ ਕਿਹਾ। ਦਾਊਦ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਉਨ੍ਹਾਂ ਨਾਲ ਨਾ ਜਾ ਕੇ ਉਨ੍ਹਾਂ ਦੇ ਵੱਧ ਕੰਮ ਆਉਣਗੇ। ਇਹ ਉਸ ਦੇ ਕੰਨ ਤੇ ਅੱਖਾਂ ਹੋ ਸਕਦੇ ਸਨ। ਇਕ ਅਰਥ ਵਿਚ ਬਾਦਸ਼ਾਹ ਨੇ ਕਿਹਾ, ''ਜਦ ਅਬਸ਼ਾਲੋਮ ਆਵੇ ਤਾਂ ਪਤਾ ਲਾਓ ਕਿ ਉੱਥੇ ਕੀ ਹੋ ਰਿਹਾ ਹੈ।[4] ਫਿਰ ਆਪਣੇ ਮੁੰਡਿਆਂ ਨੂੰ ਮੈਨੂੰ ਖ਼ਬਰ ਦੇਣ ਲਈ ਭੇਜ ਦੇਣਾ। ਅਸੀਂ ਯਰਦਨ ਦੇ ਇਸ ਪਾਰ ਉਡੀਕ ਕਰਾਂਗੇ।''[5] ਸੰਤੁਸ਼ਟ ਹੋ ਕੇ ਸਾਦੋਕ ਅਤੇ ਅਬਯਾਥਾਰ ਸੰਦੂਕ ਨੂੰ ਲੈ ਕੇ ਸ਼ਹਿਰ ਵਿਚ ਚਲੇ ਗਏ।

## ਉਹ ਆਪਣੇ ਜਜ਼ਬਾਤ ਜ਼ਾਹਰ ਕਰਨ ਤੋਂ ਘਬਰਾਉਂਦਾ ਨਹੀਂ ਸੀ (15:30-37)

ਸਾਦੋਕ ਅਤੇ ਅਬਯਾਥਾਰ ਦੇ ਚਲੇ ਜਾਣ ਦੇ ਬਾਅਦ, ਦਾਊਦ ਜੈਤੂਨ ਪਹਾੜ ਦੀ ਚੜ੍ਹਾਈ ਚੜ੍ਹਨ ਲੱਗਾ। ਇੱਥੇ ਦਾਊਦ ''ਚੜ੍ਹਦੀ ਵੇਰ ਰੋਂਦਾ ਸੀ ਅਤੇ ਸਿਰ ਢੱਕਿਆ ਹੋਇਆ ਅਰ ਪੈਰੋਂ ਨੰਗਾ ਸੀ'' ਅਤੇ ਲੋਕ ਵੀਉਹਦੇ ਨਾਲ ਰੋਂਦੇ ਸਨ (15:30)।

ਤਾੜਨਾ ਮਿਲਣਾ ਸਾਨੂੰ ਚੰਗਾ ਨਹੀਂ ਲਗਦਾ; ਇਸ ਤੋਂ ਇਨਕਾਰ ਕਰਨ ਦੀ ਲੋੜ ਨਹੀਂ ਹੈ। ਸੰਭਵ ਹੈ ਕਿ ਅਸੀਂ ਆਪਣੇ ਆਪ ਨੂੰ ਲੋੜ ਤੋਂ ਵੱਧ ਮਸਰੂਫ਼ ਕਰ ਲਈਏ (ਇਸ ਬਾਰੇ ਅਸੀਂ ਬਾਅਦ ਵਿਚ ਵਿਸਥਾਰ ਵਿਚ ਗੱਲ ਕਰਾਂਗੇ); ਪਰ ਅੱਥਰੂ ਵਹਾਉਣਾ ਚੰਗਾ ਹੈ, ਅਤੇ ਸਾਨੂੰ ਉਨ੍ਹਾਂ ਤੋਂ ਸ਼ਰਮ ਨਹੀਂ ਕਰਨੀ ਚਾਹੀਦੀ। ਇਸ ਗਲ ਤੋਂ ਇਨਕਾਰ ਕਰਨਾ ਕਿ ਅਸੀਂ ਦੁਖੀ ਹਾਂ ਚੰਗਾ ਹੋਣ ਦੀ ਪ੍ਰਕਿਰਿਆ ਵਿਚ ਅੜਿੱਕਾ ਡਾਹ ਸਕਦਾ ਹੈ, ਜਦ ਕਿ ਤਕਲੀਫ਼ ਨੂੰ ਮੰਨ ਲੈਣਾ ਮਦਦਗਾਰ ਹੋ ਸਕਦਾ ਹੈ; ਦਾਊਦ ਆਪਣੇ ਮਨ ਦੀ ਪੀੜ ਨੂੰ ਦੱਸਣ ਤੋਂ ਘਬਰਾਉਂਦਾ ਨਹੀਂ ਸੀ।

ਦਾਊਦ ਦੀ ਪੀੜ ਹੋਰ ਵਧ ਗਈ ਜਦ ਖ਼ਬਰ ਮਿਲੀ ਕਿ ਅਬਸ਼ਾਲੋਮ ਨਾਲ ਸਾਜਿਸ਼ ਕਰਨ ਵਾਲਿਆਂ ਵਿਚ ਅਹੀਥੋਫਲ ਵੀ ਸੀ। ਅਹੀਥੋਫਲ ਦਾਊਦ ਦੇ ਭਰੋਸੇਯੋਗ ਸਲਾਹਕਾਰਾਂ ਵਿੱਚੋਂ ਹੁੰਦਾ ਸੀ ਪਰ ਹੁਣ ਉਸ ਨੇ ਦਾਊਦ ਨੂੰ ਵੀ ਧੋਖਾ ਦਿੱਤਾ। ਪਰ ਦਾਊਦ ਨੇ ਆਪਣੇ ਉੱਤੇ ਤਰਸ ਖਾਣ ਵਿਚ ਸਮਾਂ

ਨਹੀਂ ਗੁਆਇਆ, ਸਗੋਂ ਖ਼ੁਦਾ ਦੇ ਸਾਮਹਣੇ ਦਿਲ ਦੀ ਗੱਲ ਖੋਲ੍ਹ ਦਿੱਤੀ: ''ਹੇ ਯਹੋਵਾਹ, ਮੈਂ ਤੇਰੇ ਅੱਗੇ ਬੇਨਤੀ ਕਰਦਾ ਹਾਂ ਜੋ ਅਹੀਥੋਫਲ ਦੀ ਸਲਾਹ ਨੂੰ ਮੂਰਖਤਾਈ ਨਾਲ ਉਲਟਾ ਦੇ'' (15:31)।

ਦਾਊਦ ਦੀ ਬੇਨਤੀ ਤਕਰੀਬਨ ਓਸੇ ਵੇਲੇ ਪੂਰੀ ਹੋਣ ਲੱਗ ਪਈ। ਜਦ ਦਾਊਦ ਪਹਾੜ ਦੀ ਚੋਟੀ ਤੇ ਪਹੁੰਚ ਗਿਆ,[6] ਤਾਂ ਉਸ ਦੀ ਮੁਲਾਕਾਤ ਹੂਸ਼ਈ ਅਰਕੀ ਨਾਲ ਹੋਈ।[7] ਹੂਸ਼ਈ ਨੂੰ ਦੋ ਵਾਰ ''ਦਾਊਦ ਦਾ ਮਿੱਤਰ'' (15:37; 16:16) ਆਖਿਆ ਗਿਆ ਹੈ।[8] ਉਹ ਦਾਊਦ ਦੇ ਦਰਬਾਰ ਦਾ ਇਕ ਭਰੋਸੇਯੋਗ ਮੈਂਬਰ ਸੀ ਅਤੇ ਦਾਊਦ ਦਾ ਸਲਾਹਕਾਰ ਸੀ। ਸਾਦੋਕ ਅਤੇ ਅਬਯਾਥਾਰ ਵਾਂਗ ਹੂਸ਼ਈ ਵੀ ਦਾਊਦ ਦੇ ਨਾਲ ਜਾਣ ਨੂੰ ਤਿਆਰ ਸੀ, ਪਰ ਇਕ ਵਾਰ ਫੇਰ ਦਾਊਦ ਨੇ ਸਿਰ ਮਾਰ ਦਿੱਤਾ। ''ਦਾਊਦ ਨੇ ਉਹ ਨੂੰ ਆਖਿਆ, ਜੇ ਕਰ ਤੂੰ ਮੇਰੇ ਨਾਲ ਚੱਲੇਂਗਾ ਤਾਂ ਮੈਨੂੰ ਭਾਰੂ ਹੋਵੇਂਗਾ'' (15:33)। ਦਾਊਦ ਲਈ ਜਿਹੜੀ ਮਹੱਤਵਪੂਰਣ ਗੱਲ ਸੀ ਉਹ ਕਿਸੇ ਦੂਜੇ ਨੂੰ ਖੁਆਉਣਾ ਸੀ।

ਆਪਣੇ ਸ਼ਬਦਾਂ ਨੂੰ ਨਰਮ ਕਰਨ ਲਈ, ਦਾਊਦ ਨੂੰ ਝੱਟ ਧਿਆਨ ਆਇਆ ਕਿ ਹੂਸ਼ਈ ਅਹੀਥੋਫਲ ਦੀ ਸਲਾਹ ਦੀ ਮੂਰਖਤਾ ਬਣਾਉਣ ਲਈ ਦਾਊਦ ਦੀ ਦੁਆ ਦਾ ਜਵਾਬ ਸੀ:

> ਪਰ ਜੇ ਤੂੰ ਸ਼ਹਿਰ ਵਿਚ ਮੁੜ ਜਾਵੇਂ ਅਤੇ ਅਬਸ਼ਾਲੋਮ ਨੂੰ ਆਖੇਂ, ਹੇ ਬਾਦਸ਼ਾਹ, ਮੈਂ ਤੁਹਾਡਾ ਟਹਿਲੂਆ ਹਾਂ। ਜਿੱਕਰ ਮੈਂ ਤੁਹਾਡੇ ਪਿਤਾ ਦਾ ਟਹਿਲੂਆ ਸਾਂ ਤੁਹਾਡਾ ਵੀ ਟਹਿਲੂਆ ਹਾਂ। *ਤਦ ਤੂੰ ਮੇਰੇ ਲਈ ਅਹੀਥੋਫਲ ਦੀ ਸਲਾਹ ਨੂੰ ਜਿੱਤ ਸਕਦਾ ਹੈਂ* (15:34)।[9]

ਉਸ ਨੇ ਹੂਸ਼ਈ ਨੂੰ ਮਹਿਲ ਦੀ ਹਰ ਗੱਲ ਸਾਦੋਕ ਅਤੇ ਅਬਯਾਥਾਰ ਯਾਜਕਾਂ ਤਕ ਪੁਚਾਉਣ ਲਈ ਕਿਹਾ। ਉਨ੍ਹਾਂ ਨੇ ਇਹ ਖ਼ਬਰ ਉਸ ਨੂੰ ਪੁਚਾਉਣੀ ਸੀ।

## ਮਦਦ ਲਈ ਉਸ ਕੋਲ ਦੋਸਤ ਸਨ (15:21, 24, 32-34; 17:27-29)

ਕਹਾਣੀ ਦੇ ਅੱਗੇ ਵਧਣ ਤੋਂ ਪਹਿਲਾਂ ਮੈਂ ਇਕ ਤੱਥ ਤੇ ਜ਼ੋਰ ਦੇਣ ਲਈ ਰੁਕਣ ਚਾਹੁੰਦਾ ਹਾਂ। ਅਸੀਂ ਦਾਊਦ ਦੇ ਕਈ ਮਿੱਤਰਾਂ ਨੂੰ ਵੇਖ ਚੁੱਕੇ ਹਾਂ ਜਿਹੜੇ ਉਹਦੀ ਮਦਦ ਕਰਨ ਨੂੰ ਤਿਆਰ ਸਨ। ਆਪਣੇ ਪਾਠ ਵਿਚ ਅਸੀਂ ਹੋਰ ਦੋਸਤਾਂ ਨੂੰ ਵੀ ਵੇਖਾਂਗੇ। ਖ਼ੁਦਾ ਵੱਲੋਂ ਤਾੜਨਾ ਮਿਲਣ ਤੇ, ਸਾਨੂੰ ਅਜਿਹੇ ਮਿੱਤਰ ਪਾ ਕੇ ਮਦਦ ਮਿਲਦੀ ਹੈ (ਉਪਦੇਸ਼ਕ ਦੀ ਪੋਥੀ 4:9, 10, 12)।

ਦਾਊਦ ਦੇ ਇਨ੍ਹਾਂ ਮਿੱਤਰਾਂ ਬਾਰੇ ਜ਼ਿਆਦਾਤਰ ਅਸੀਂ ਇਸ ਦੇ ਇਲਾਵਾ ਅਤੇ ਬਹੁਤ ਘੱਟ ਜਾਣਦੇ ਹਾਂ ਕਿ ਉਨ੍ਹਾਂ ਦੇ ਉਨ੍ਹਾਂ ਦੀ ਮਦਦ ਕੀਤੀ। ਏਨਾ ਅਸੀਂ ਜ਼ਰੂਰ ਜਾਣਦੇ ਹਾਂ ਕਿ ਉਹ ਦਾਊਦ ਦੇ ਦੋਸਤ ਯਰੂਸ਼ਲਮ ਉੱਤੇ ਅਬਸ਼ਾਲੋਮ ਦੀ ਚੜ੍ਹਾਈ ਦੇ ਬਾਅਦ ਨਹੀਂ ਬਣੇ ਸਨ। ਸਗੋਂ ਦਾਊਦ ਨੇ ਇਸ ਸਮੇਂ ਤੋਂ ਬਹੁਤ ਪਹਿਲਾਂ ਉਸ ਵੱਲ ਦੋਸਤੀ ਦਾ ਹੱਥ ਵਧਾਇਆ ਸੀ, ਅਤੇ ਦਿਆਲੁਤਾ ਦੀ ਰੋਟੀ ਜਿਹੜੀ ਦਾਊਦ ਨੇ ਪਾਣੀਆਂ ਉੱਤੇ ਖਿਲਾਰੀ ਸੀ, ਵਾਪਸ ਉਹਦੇ ਵੱਲ ਆ ਰਹੀ ਸੀ (ਉਪਦੇਸ਼ਕ ਦੀ ਪੋਥੀ 11:1)।

ਖ਼ੁਦਾ ਦੀ ਤਾੜਨਾ ਲਈ ਤਿਆਰੀ ਦਾ ਤਾੜਨਾ ਸ਼ੁਰੂ ਹੋਣ ਤੇ ਨਹੀਂ, ਸਗੋਂ ਇਸ ਤੋਂ ਪਹਿਲਾਂ , ਬਲਕਿ ਬਹੁਤ ਪਹਿਲਾਂ ਹੁੰਦੀ ਹੈ। ਜਦ ਮੌਸਮ ਵਿਭਾਗ ਆਖਦਾ ਹੈ, ''ਜੁਡਸੋਨੀਆ ਦੇ ਬਾਹਰ ਇਕ ਮੀਲ ਤਕ ਇਕ ਵੱਡਾ ਤੂਫ਼ਾਨ ਵੇਖਿਆ ਗਿਆ ਜਿਹੜਾ ਸ਼ਹਿਰ ਵੱਲ ਨੂੰ ਵਧ ਰਿਹਾ ਹੈ'' ਤਾਂ ਇਹ ਤੂਫ਼ਾਨ ਤੋਂ ਬਚਾਅ ਲਈ ਆਸਰਾ ਬਣਾਉਣ ਦਾ ਵਕਤ ਨਹੀਂ ਹੁੰਦਾ।[10] ਜਦ ਜ਼ਿੰਦਗੀ ਵਿਚ ਤੂਫ਼ਾਨ ਸਾਰੇ ਸਿਰ ਤੇ ਆ ਪੁੱਜਦੇ ਹਨ ਤਾਂ ਦੋਸਤੀ ਦੀ ਛਤਰੀ ਲੱਭਣ ਦਾ ਕੋਈ ਫ਼ਾਇਦਾ ਨਹੀਂ ਹੁੰਦਾ।

ਖ਼ੁਦਾ ਦੀ ਤਾੜਨਾ ਲਈ ਤਿਆਰ ਹੋਣ ਲਈ ਸਾਨੂੰ ਖ਼ੁਦਾ ਨਾਲ ਅਤੇ ਲੋਕਾਂ ਨਾਲ ਆਪਣੇ ਸਬੰਧਾਂ ਨਾਲ ਹੁਣੇ ਤੋਂ ਤਿਆਰੀ ਕਰਨੀ ਜ਼ਰੂਰੀ ਹੈ। ''ਜਿਸ ਦੇ ਦੋਸਤ ਹੋਣ ਉਹਨੂੰ ਦੋਸਤੀ ਵਿਖਾਉਣੀ ਵੀ ਜ਼ਰੂਰੀ ਹੈ'' (ਕਹਾਉਤਾਂ 18:24; KJV)।

## ਉਹ ਅਜ਼ਮਾਇਆ ਗਿਆ ਸੀ (16:1-14)

ਹੂਸ਼ਈ ਦੇ ਦਾਊਦ ਕੋਲੋਂ ਜਾਣ ਦੇ ਬਾਅਦ, ਬਾਦਸ਼ਾਹ ਜੈਤੂਨ ਪਹਾੜ ਦੀ ਪੂਰਬੀ ਢਲਾਣ ਵੱਲ ਹੇਠਾਂ ਗਿਆ। ਜਦ ਉਹ ਉੱਤਰ ਰਿਹਾ ਸੀ ਤਾਂ ਉਸ ਨੂੰ ਸੀਬਾ ਨਾਮਕ ਇਕ ਹੋਰ ਆਦਮੀ ਮਿਲਿਆ ਜਿਸ ਨੂੰ ਮਫ਼ੀਬੋਸ਼ਥ ਦੇ ਸਮਾਨ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਸੀਬਾ ਉਹਦੇ ਲਈ ਰੋਟੀਆਂ, ਮੁਨੱਕੇ ਅਤੇ ਹੋਰ ਸੁੱਕੇ ਫਲ ਅਤੇ ਮੈ ਦਾ ਇਕ ਜੱਗ ਦੋ ਗਧਿਆਂ ਉੱਤੇ ਲੱਦ ਕੇ ਲਿਆਇਆ। ਬਾਦਸ਼ਾਹ ਦੇ ਜਾਣ ਦੇ ਬਾਅਦ ਪਹਿਲਾਂ ਉਹ ਸਭ ਦੇਣ ਲਈ ਸੀਬਾ ਲਈ ਕੰਮ ਕਰਨਾ ਜ਼ਰੂਰੀ ਸੀ। ਉਹ ਬਾਦਸ਼ਾਹ ਲਈ ਸੁਆਗਤ ਕਰਨ ਵਾਲਾ ਦ੍ਰਿਸ਼ ਸੀ।

ਦਾਊਦ ਨੇ ਸੀਬਾ ਤੋਂ ਪੁੱਛਿਆ ਕਿ ਭਲਾ ਉਹਨੂੰ ਹੈ ਕਿ ਮਫ਼ੀਬੋਸ਼ਥ ਕਿੱਥੇ ਹੈ।[11] ਮੈਨੂੰ ਸੀਬਾ ਦੇ ਚਿਹਰੇ ਤੇ ਚਲਾਕੀ ਭਰੀ ਮੁਸਕਾਨ ਵਿਖਾਈ ਦਿੰਦੀ ਹੈ, ਜਦ ਉਸ ਨੇ ਜਵਾਬ ਦਿੱਤਾ, ''ਵੇਖੋ, ਉਹ ਯਰੂਸ਼ਲਮ ਵਿਚ ਰਹਿੰਦਾ ਹੈ ਕਿਉਂ ਜੋ ਉਸ ਨੇ ਆਖਿਆ ਹੈ ਭਈ ਇਸਰਾਏਲ ਦਾ ਘਰਾਣਾ ਅੱਜੋ ਹੀ ਮੇਰੇ ਪਿਤਾ ਦਾ ਰਾਜ ਮੈਨੂੰ ਮੋੜ ਦੇਵੇਗਾ'' (16:3)। ਮੈਂ ਉਸ ਨੂੰ ਚਲਾਕੀ ਭਰੀ ਮਸਖਰੀ ਨਾਲ ਵੇਖਦਾ ਹਾਂ ਕਿਉਂਕਿ ਮੇਰਾ ਮੰਨਣਾ ਹੈ ਕਿ ਉਹ ਖੁਦਗਰਜ਼ ਮੌਕਾਪ੍ਰਸਤ ਆਦਮੀ ਸੀ ਜਿਹੜਾ ਆਪਣੀ ਇੱਛਾ ਪੂਰੀ ਕਰਨ ਲਈ ਕੁਝ ਵੀ ਕਰ ਸਕਦਾ ਸੀ। ਇਕ ਲੰਗੜਾ ਆਦਮੀ ਕਿਵੇਂ ਸੋਚ ਸਕਦਾ ਹੈ ਕਿ ਉਹ ਮਜ਼ਬੂਤ ਸ਼ਕਤੀਸ਼ਾਲੀ ਅਬਸ਼ਾਲੋਮ ਤੋਂ ਰਾਜ ਖੋਹ ਸਕਦਾ ਹੈ, ਜਿਸ ਨੇ ਲੋਕਾਂ ਦੇ ਮਨਾਂ ਨੂੰ ਜਿੱਤ ਲਿਆ ਸੀ ਅਤੇ ਉਸ ਨੂੰ ਫ਼ੌਜ ਦੀ ਹਮਾਇਤ ਸੀ। ਦੋਹਾਂ ਵਿੱਚੋਂ ਇਕ ਗੱਲ ਸੱਚ ਹੋਵੇਗੀ: ਜਾਂ ਤਾਂ ਮਫ਼ੀਬੋਸ਼ਥ ਪੂਰਾ ਮੂਰਖ ਅਤੇ ਨਾਸ਼ੁਕਰਾ ਆਦਮੀ ਸੀ, ਸੀਬਾ ਝੂਠਾ ਸੀ। ਮੇਰਾ ਅੰਦਾਜ਼ਾ ਹੈ ਕਿ ਬਾਅਦ ਵਾਲੀ ਗੱਲ ਸਹੀ ਹੈ।

ਪਰ ਸੀਬਾ ਦੀ ਦਿਖਾਵਟੀ ਦਿਆਲुਤਾ ਤੋਂ ਪ੍ਰਭਾਵਿਤ ਹੋ ਕੇ ਦਾਊਦ ਨੇ ਸੀਬਾ ਨੂੰ ਕਿਹਾ ਕਿ ਉਹ ਮਫ਼ੀਬੋਸ਼ਥ ਦੀ ਸਾਰੀ ਜਾਇਦਾਦ ਲੈ ਸਕਦਾ ਹੈ।

ਇਹ ਹਾਲਾਤ ਕਈ ਸਚਾਈਆਂ ਨੂੰ ਵਿਖਾਉਂਦੀ ਹੈ ਜੋ ਤਾੜਨਾ ਦੇ ਸਬੰਧ ਵਿਚ ਸਾਨੂੰ ਜਾਣਨਾ ਜ਼ਰੂਰੀ ਹੈ: ਕਿ ਜਦ ਅਸੀਂ ਦੁਖੀ ਹੁੰਦੇ ਹਾਂ ਤਾਂ ਅਸੀਂ ਅਸੁਰੱਖਿਅਤ ਹੋ ਜਾਂਦੇ ਹਾਂ। ਇਕ ਇਹ ਕਿ ਕੁਝ ਲੋਕ ਸਾਡੀ ਅਸੁਰੱਖਿਆ ਦਾ ਫ਼ਾਇਦਾ ਚੁੱਕਣਾ ਚਾਹੁੰਦੇ ਹਨ, ਜਿਵੇਂ ਸੀਬਾ ਨੇ ਦਾਊਦ ਦਾ ਫ਼ਾਇਦਾ ਚੁੱਕਿਆ। ਇਕ ਖ਼ਾਸ ਕਿਸਮ ਦਾ ਆਦਮੀ ਜ਼ਖ਼ਮੀ ਲੋਕਾਂ ਵੱਲ ਉਵੇਂ ਹੀ ਖਿੱਚਿਆ ਜਾਂਦਾ ਹੈ ਜਿਵੇਂ ਸੜਕ ਉੱਤੇ ਮਰਨ ਵਾਲਿਆਂ ਵੱਲ ਮਾਸਖੋਰ ਪੰਛੀ। ਅਜਿਹਾ ਆਦਮੀ ਆਪਣੇ ਸੁਆਰਥੀ ਉਦੇਸ਼ਾਂ ਲਈ ਹਮਦਰਦੀ ਅਤੇ ਦਿਲਚਸਪੀ ਵਿਖਾਵੇਗਾ।[12] ਉਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਰੁੱਖੇ ਬਣ ਜਾਈਏ। ਇਸ ਦਾ ਮਤਲਬ ਹੈ ਕਿ ਅਸੀਂ ਅਸਾਨੀ ਨਾਲ ਧੋਖੇ ਵਿਚ ਆਉਣ ਤੋਂ ਬਚ ਜਾਈਏ।

ਇਸ ਤੋਂ ਸਾਨੂੰ ਤਾੜਨਾ ਦੇ ਮਕਸਦ ਦਾ ਪਤਾ ਲਗਦਾ ਹੈ ਜਿਸ ਤੇ ਅਜੇ ਅਸੀਂ ਚਰਚਾ ਨਹੀਂ ਕੀਤੀ ਹੈ। ਖ਼ੁਦਾ ਦੀ ਤਾੜਨਾ ਜੋ ਸਾਨੂੰ ਪਰਖਦੀ ਹੈ ਉਸ ਦਾ ਕੋਈ ਮਤਲਬ ਹੁੰਦਾ ਹੈ ਅਤੇ ਜਦ ਸਾਡੀ ਪਰਖ ਹੁੰਦੀ ਹੈ, ਤਾਂ ਉਹ ਸਾਨੂੰ ਚੰਗਾ ਬਣਾ ਦਿੰਦੀ ਹੈ (ਇਬਰਾਨੀਆਂ 12:10; ਯਾਕੂਬ 1:2–4)। ਨਾਥਾਨ ਦੀਆਂ ਨਬੂਵਤਾਂ ਪੂਰੀਆਂ ਹੋਣ ਤੇ ਦਾਊਦ ਨੂੰ ਕੋਈ ਪੱਖੋਂ ਪਰਖਿਆ ਗਿਆ। ਉਸ ਦੇ ਵਿਸ਼ਵਾਸ ਦੀ ਪਰਖ ਹੋਈ। ਉਸ ਦੇ ਮਨ ਨੂੰ ਪਰਖਿਆ ਗਿਆ। ਉਸ ਦੇ ਦਿਲ ਨੂੰ ਪਰਖਿਆ ਗਿਆ। ਉਸ ਦਾ ਧੀਰਜ ਪਰਖਿਆ ਗਿਆ। ਅਬਸ਼ਾਲੋਮ ਤੋਂ ਭੱਜ ਜਾਣ ਵੇਲੇ ਇਹ ਅਜ਼ਮਾਇਸ਼ਾਂ ਜਾਰੀ ਰਹੀਆਂ। ਉਨ੍ਹਾਂ ਵਿੱਚੋਂ ਇਕ ਔਖੀ ਅਜ਼ਮਾਇਸ਼ ਅਜੇ ਆਉਣ ਵਾਲੀ ਸੀ।

ਜੈਤੂਨ ਪਹਾੜ ਦੀ ਪੂਰਬੀ ਢਲਾਣ ਤੋਂ ਹੇਠਾਂ ਉੱਤਰ ਕੇ, ਦਾਊਦ ਬਹੁਰੀਮ ਪਿੰਡ ਵਿਚ ਪਹੁੰਚਿਆ। ਸ਼ਿਮਈ ਨਾਮਕ ਸ਼ਾਊਲ ਦਾ ਇਕ ਰਿਸ਼ਤੇਦਾਰ ਦਾਊਦ ਨੂੰ ਸਰਾਪ ਦਿੰਦਾ ਹੋਇਆ ਅਤੇ ਉਸ ਨੂੰ ਪੱਥਰ ਮਾਰਦਾ ਮਿਲਿਆ:

> ਨਿੱਕਲ ਆ, ਤੂੰ ਨਿੱਕਲ ਆ, ਹੇ ਖ਼ੂਨੀ ਮਨੁੱਖ! ਹੇ ਸ਼ਤਾਨ ਦੇ ਮਨੁੱਖ! ਕਿਉਂ ਜੋ ਯਹੋਵਾਹ ਨੇ ਸ਼ਾਊਲ ਦੇ ਘਰਾਣੇ ਦੇ ਸਾਰੇ ਖ਼ੂਨ[13] ਨੂੰ ਜਿਸ ਦੇ ਥਾਂ ਤੂੰ ਬਾਦਸ਼ਾਹ ਬਣਿਆ ਤੇਰੇ ਉੱਤੇ ਮੋੜ ਦਿੱਤਾ ਅਤੇ ਯਹੋਵਾਹ ਨੇ ਤੇਰਾ ਰਾਜ ਤੇਰੇ ਪੁੱਤਰ ਅਬਸ਼ਾਲੋਮ ਦੇ ਹੱਥ ਦਿੱਤਾ ਅਤੇ ਵੇਖ, ਤੂੰ ਆਪਣੀ ਬੁਰਿਆਈ ਵਿਚ ਫਸਿਆ ਹੋਇਆ ਹੈਂ ਕਿਉਂ ਜੋ ਤੂੰ ਖ਼ੂਨੀ ਮਨੁੱਖ ਹੈਂ! (16:7, 8)।

ਮੈਂ ਕਿਹਾ ਸੀ ਕਿ ਤੁਹਾਡੇ ਅਸੁਰੱਖਿਅਤ ਹੋਣ ਤੇ ਸੀਬਾ ਜਿਹਾ ਵਿਅਕਤੀ ਆਪਣੇ ਹੀ ਸੁਆਰਥੀ ਮਕਸਦਾਂ ਲਈ ਤੁਹਾਡਾ ਨਜਾਇਜ਼ ਫ਼ਾਇਦਾ ਉਠਾਏਗਾ। ਇਕ ਹੋਰ ਕਿਸਮ ਦਾ ਆਦਮੀ ਤੁਹਾਡੀ ਅਸੁਰੱਖਿਆ ਦਾ ਫ਼ਾਇਦਾ ਉਠਾਏਗਾ, ਪਰ ਫ਼ਰਕ ਢੰਗ ਨਾਲ। ਅਜਿਹਾ ਆਦਮੀ ਤੁਹਾਨੂੰ ਠੋਕਰ ਮਾਰੇਗਾ, ਜਦ ਤੁਸੀਂ ਹੇਠਾਂ ਹੋਵੋਗੇ, ਜਿਵੇਂ ਸ਼ਿਮਈ ਨੇ ਦਾਊਦ ਨਾਲ ਕੀਤਾ ਸੀ। ਬੜਾ ਔਖਾ ਹੈ ਕਿ ਜਦ ਤੁਸੀਂ ਪਰੇਸ਼ਾਨ ਹੋਵੋ, ਤਾਂ ਲੋਕ ਤੁਹਾਡੇ ਜ਼ਖ਼ਮਾਂ ਉੱਤੇ ਮਲ੍ਹਮ ਲਾਉਣ ਦੀ ਥਾਂ ਉਨ੍ਹਾਂ ਉੱਤੇ ਨਮਕ ਛਿੜਕਦੇ ਹਨ! ਖ਼ਾਸ ਕਰ ਇਹ ਹੋਰ ਵੀ ਉਦੋਂ ਔਖਾ ਹੁੰਦਾ ਹੈ। ਹਮਲਾ ਗਲਤ ਹੋਵੇ, ਜਿਵੇਂ ਸ਼ਿਮਈ ਨੇ ਕੀਤਾ ਸੀ।

ਅਬੀਸ਼ਈ ਨੇ ਜੋ ਦਾਊਦ ਦੇ ਨਾਲ ਸੀ, ਬਾਦਸ਼ਾਹ ਅੱਗੇ ਬੇਨਤੀ ਕੀਤੀ ਕਿ ''ਮੈਨੂੰ ... ਉਸ ਦਾ ਸਿਰ ਵੱਢਣ ਦਿਓ'' (16:9)! ਜੇ ਮੈਂ ਦਾਊਦ ਦੀ ਥਾਂ ਹੁੰਦਾ ਤਾਂ ਮੈਂ ਕਹਿੰਦਾ, ''ਬਹੁਤ ਵਧੀਆ! ਮੇਰੇ ਸਿਰ ਤੇ ਉਸ ਨੇ ਪੱਥਰ ਮਾਰੇ ਹਨ, ਅਤੇ ਮੇਰੇ ਕੰਨਾਂ ਵਿਚ ਉਸ ਦੀ ਅਵਾਜ਼ ਗੂੰਜ ਰਹੀ ਹੈ। ਜਾਹ ਵੱਢ ਸੁੱਟ!'' ਜਦ ਲੋਕ ਸਾਡੇ ਜ਼ਖ਼ਮਾਂ ਅਤੇ ਗੁੰਮਟਾਂ ਨੂੰ ਖੁਰਚਦੇ ਹਨ, ਤਾਂ ਅਸੀਂ ਬਦਲਾ ਲੈਣ ਦੀ ਅਜ਼ਮਾਇਸ਼ ਵਿਚ ਪੈ ਜਾਂਦੇ ਹਾਂ। ਪਰ ਦਾਊਦ ਨੇ ਸਿਰ ਮਾਰਦਿਆਂ ਕਿਹਾ:[14]

> ... ਉਹ ਨੂੰ ਸਰਾਪ ਦੇਣ ਦਿਓ ਕਿਉਂ ਜੋ ਯਹੋਵਾਹ ਨੇ ਉਹ ਨੂੰ ਆਖਿਆ ਹੈ ਭਈ ਦਾਊਦ ਨੂੰ ਸਰਾਪ ਦੇਹ। ਫੇਰ ਕੌਣ ਆਖ ਸਕਦਾ ਹੈ ਕਿ ਜੋ ਤੈਂ ਅਜੇਹਾ ਕਿਉਂ ਕੀਤਾ? ... ਵੇਖੋ, ਮੇਰਾ ਪੁੱਤਰ ਹੀ ਜੋ ਮੇਰੇ ਤੁਖਮੋਂ ਜੰਮਿਆ ਸੀ ਮੇਰੀ ਜਿੰਦ ਨੂੰ ਭਾਲਦਾ ਹੈ ਤਾਂ ਫਿਰ ਹੁਣ ਇਹ ਬਿਨਯਾਮੀਨੀ ਭਲਾ, ਕੁਝ ਹੋਰ ਨਾ ਕਰੇਗਾ? ਉਹ ਨੂੰ ਜਾਣ ਦਿਓ ਅਤੇ ਸਰਾਪ ਦੇਣ ਦਿਓ ਕਿਉਂ ਜੋ ਯਹੋਵਾਹ ਨੇ ਉਹ ਨੂੰ ਹੁਕਮ ਦਿੱਤਾ ਹੈ। ਕੀ ਜਾਣੀਏ ਜੋ ਯਹੋਵਾਹ ਮੇਰੀ ਬਦੀ ਵੱਲ ਵੇਖੇ ਅਤੇ ਯਹੋਵਾਹ ਅੱਜ ਦੇ ਦਿਨ ਉਹ ਦੇ ਸਰਾਪ ਦੇ ਵੱਟੇ ਮੇਰੇ ਨਾਲ ਭਲਿਆਈ ਕਰੇ? (16:10–12)।

ਫੇਰ ਅਸੀਂ ਵੇਖਦੇ ਹਾਂ ਕਿ ਦਾਊਦ ਨੇ ਖ਼ੁਦਾ ਦੀ ਤਾੜਨਾ ਨੂੰ ਖੁਸ਼ੀ ਨਾਲ ਮੰਨਿਆ। ਉਸ ਨੇ ਇਸ ਗੱਲ ਨੂੰ ਸਮਝਿਆ ਕਿ ਸ਼ਿਮਈ ਦੇ ਕੰਮਾਂ ਵਿਚ ਖ਼ੁਦਾ ਦਾ ਹੱਥ ਹੋ ਸਕਦਾ ਹੈ। ਉਸ ਨੇ ਖ਼ੁਦਾ ਦੀਆਂ ਯੋਜਨਾਵਾਂ ਅਤੇ ਮਕਸਦਾਂ ਨੂੰ ਜਾਣਨ ਅਤੇ ਸਮਝਣ ਦਾ ਵਿਖਾਵਾ ਨਹੀਂ ਕੀਤਾ। ਉਸ ਨੇ ਸਿਰਫ਼ ਏਨਾਂ ਕਿਹਾ, ''*ਕਿਉਂ ਜੋ* ਯਹੋਵਾਹ ਨੇ ਉਹ ਨੂੰ ਹੁਕਮ ਦਿੱਤਾ ਹੈ,'' ਅਤੇ ''*ਕਾਸ਼* ਯਹੋਵਾ ਉਸ ਕਹਿਰ ਤੇ ਜਿਹੜਾ ਮੇਰੇ ਤੇ ਹੋ ਰਿਹਾ ਹੈ, ਧਿਆਨ ਕਰੇ।'' ਸਭ ਤੋਂ ਅਹਿਮ, ਦਾਊਦ ਨੇ ਸ਼ਿਮਈ ਨੂੰ ਸਰਾਪ ਦੇਣ ਨੂੰ ਖੁਸ਼ੀ ਨਾਲ ਮੰਨਿਆ। ਉਸ ਨੇ ਇਸ ਸਰਾਪ ਨੂੰ ਆਪਣੇ ਪਾਪ ਦੇ ਇਕ ਹੋਰ ਨਤੀਜੇ ਦੇ ਰੂਪ ਵਿਚ ਜਾਣਿਆ।

ਜਦ ਪ੍ਰਭੂ ਸਾਨੂੰ ਤਾੜਦਾ ਹੈ ਤਾਂ ਸਾਨੂੰ ਅਸੁਰੱਖਿਆ ਵਿਚ ਪੈ ਕੇ ਬਦਲਾ ਲੈਣ ਦੀ ਅਜ਼ਮਾਇਸ਼ ਵਿਚ ਪੈਣ ਤੋਂ ਬਚਣਾ ਚਾਹੀਦਾ ਹੈ। ਯਾਦ ਰੱਖੋ ਸਾਡੀਆਂ ਪਰੇਸ਼ਾਨੀਆਂ ਦਾ ਇਕ ਮਕਸਦ ਸਾਨੂੰ ਪਰਖਣਾ ਹੁੰਦਾ ਹੈ; ਜਿਸ ਨਾਲ ਅਸੀਂ ਖ਼ੁਦਾ ਦੀ ਮਦਦ ਨਾਲ ਅਜ਼ਮਾਇਸ਼ ਵਿਚ ਪੈ ਕੇ ਕਾਇਮ ਰਹੀਏ; ਅਤੇ ਇਹ ਕਿ ਜਦ ਅਸੀਂ ਉਸ ਅਜ਼ਮਾਇਸ਼ ਦਾ ਮੁਕਾਬਲਾ ਕਾਮਯਾਬੀ ਨਾਲ ਕਰਦੇ ਹਾਂ ਤਾਂ ਅਸੀਂ ਬੇਹਤਰ ਲੋਕ ਬਣ ਜਾਵਾਂਗੇ। ਇਸ ਲਈ ਅਸੀਂ ਸ਼ਾਂਤ ਹੋ ਕੇ ਦਾਊਦ ਵਾਂਗ ਆਪਣੀਆਂ ਜ਼ਿੰਦਗੀਆਂ

ਵਿਚ ਖ਼ੁਦਾ ਨੂੰ ਕੰਮ ਕਰਨ ਦਈਏ।

## ਖ਼ੁਦਾ ਨੇ ਉਸ ਦੀ ਮਦਦ ਕੀਤੀ (16:15-17:23)

16:15 ਵਿਚ ਦ੍ਰਿਸ਼ ਬਦਲ ਕੇ ਯਰੂਸ਼ਲਮ ਵਿਚ ਚਲਿਆ ਜਾਂਦਾ ਹੈ। ਸ਼ਹਿਰ ਦੇ ਲੋਕਾਂ ਨੇ ਅਬਸ਼ਾਲੋਮ ਦੇ ਆਉਣ ਤੇ, ਜੋ ਫ਼ੌਜ ਵਿਚ ਅਤੇ ਹੈਰੋਨ ਤੋਂ ਉਸ ਦੇ ਪਿੱਛੇ ਆਉਣ ਵਾਲੀ ਭੀੜ ਨਾਲ ਘਿਰਿਆ ਸੀ ਬੜੀ ਉਤਸੁਕਤਾ ਵਿਖਾਈ।[15]

ਅਬਸ਼ਾਲੋਮ ਦੇ ਨੇੜੇ ਆਉਣ ਤੇ ਏਰੇਦੀ ਹੂਸ਼ਈ ਸ਼ੋਰ ਮਚਾਉਣ ਲੱਗਾ, ''ਬਾਦਸ਼ਾਹ ਜੁਗ ਜੁਗ ਜੀਵੇ! ਬਾਦਸ਼ਾਹ ਜੁਗ ਜੁਗ ਜੀਵੇ'' (16:16)। ਹੂਸ਼ਈ ਦਾਊਦ ਦੇ ਉਨ੍ਹਾਂ ਦੋਸਤਾਂ ਵਿੱਚੋਂ ਇਕ ਸੀ ਜਿਸ ਨੂੰ ਉਸ ਨੇ ਯਰੂਸ਼ਲਮ ਪਰਤ ਜਾਣ ਨੂੰ ਕਿਹਾ ਸੀ। ਹੂਸ਼ਈ ਦੇ ਸ਼ਬਦ ਅਸਪੱਸ਼ਟ ਸਨ (ਸੰਭਵ: ਉਹ ਦਾਊਦ ਲਈ ਸਨ, ਜਿਹੜਾ ਅਜੇ ਵੀ ਬਾਦਸ਼ਾਹ ਸੀ)। ਅਬਸ਼ਾਲੋਮ ਫੁੱਲ ਗਿਆ, ਪਰ ਉਸ ਨੂੰ ਸ਼ੱਕ ਸੀ। ਹੂਸ਼ਈ ਨ ਹੋਰ ਸਾਫ਼ ਸ਼ਬਦਾਂ ਨਾਲ ਉਸ ਦੇ ਸ਼ੱਕ ਨੂੰ ਵਧਾਇਆ: ''ਜਿਸਨੂੰ ਯਹੋਵਾਹ ਤੇ ਇਹ ਲੋਕ ਅਤੇ ਇਸਰਾਏਲ ਦੇ ਸਾਰੇ ਮਨੁੱਖ ਚੁਣ ਲੈਣ ਮੈਂ ਉਸੇ ਦਾ ਹੋਵਾਂਗਾ ਅਤੇ ਉਸ ਦੇ ਨਾਲ ਰਹਾਂਗਾ'' (16:18)। ਇਹ ਸ਼ਬਦ ਅਬਸ਼ਾਲੋਮ ਲਈ ਨਹੀਂ ਹੋ ਸਕਦੇ ਸਨ ਕਿਉਂਕਿ ਉਸ ਨੂੰ ਯਹੋਵਾਹ ਵੱਲੋਂ ਚੁਣਿਆ ਨਹੀਂ ਗਿਆ ਸੀ ਬਲਕਿ ਇਹ ਤਾਂ ਉਹਦੇ ਲਈ ਹੀ ਸਨ। ਸਾਫ਼ ਤੌਰ ਤੇ, ਇਨ੍ਹਾਂ ਨਾਲ ਅਬਸ਼ਾਲੋਮ ਸੰਤੁਸ਼ਟ ਹੋ ਗਿਆ ਅਤੇ ਮਹਿਲ ਵੱਲ ਨੂੰ ਜਾਣ ਲੱਗਾ।

ਅਬਸ਼ਾਲੋਮ ਨੂੰ ਪਤਾ ਨਹੀਂ ਸੀ ਕਿ ਅੱਗੇ ਕੀ ਹੋਣ ਵਾਲਾ ਹੈ। ਇਹ ਵਿਖਾਉਣ ਲਈ ਕਿ ਉਹ ਆਪਦੇ ਪਿਤਾ ਤੋਂ ਨਹੀਂ ਡਰਦਾ ਅਤੇ ਉਸ ਨੇ ਉਸ ਨਾਲੋਂ ਸੱਭੇ ਸਬੰਧ ਤੋੜ ਲਏ ਹਨ, ਦਾਊਦ ਦੇ ਪੂਰਵ ਸਲਾਹਕਾਰ ਅਹੀਥੋਫਲ ਨੇ ਉਸ ਨੂੰ ਆਪਣੇ ਪਿਓ ਦੀਆਂ ਰਖੇਲਾਂ ਕੋਲ ਲੈ ਜਾਣ ਲਈ ਕਿਹਾ।[16] ਫੇਰ ਅਹੀਥੋਫਲ ਨੇ ਅਬਸ਼ਾਲੋਮ ਨੂੰ ਬਿਨਾ ਸਮਾਂ ਗੁਆਏ ਦਾਊਦ ਦਾ ਪਿੱਛਾ ਕਰਕੇ ਉਸ ਨੂੰ ਫੜ੍ਹਨ ਦੀ ਸਲਾਹ ਦਿੱਤੀ, ਜਦ ਕਿ ਉਹ ਇਧਰ ਓਧਰ ਭਟਕ ਰਿਹਾ ਸੀ:

> ਮੈਨੂੰ ਪਰਵਾਨਗੀ ਦਿਓ ਜੋ ਮੈਂ ਹੁਣ ਬਾਰਾਂ ਹਜ਼ਾਰ ਮਨੁੱਖ ਚੁਣ ਲਵਾਂ ਅਤੇ ਇਸੇ ਰਾਤ ਉੱਠ ਕੇ ਦਾਊਦ ਦਾ ਪਿੱਛਾ ਕਰਾਂ। ਅਤੇ ਜਿਸ ਵੇਲੇ ਉਹ ਥੱਕਿਆ ਹੋਇਆ ਹੋਵੇ ਅਤੇ ਉਹ ਦੇ ਹੱਥ ਢਿੱਲੇ ਹੋਣ ਤਾਂ ਮੈਂ ਉਹ ਦੇ ਉੱਤੇ ਜਾ ਪਵਾਂਗਾ ਅਤੇ ਉਹ ਨੂੰ ਡਰਾਵਾਂਗਾ ਜੋ ਉਹ ਦੇ ਨਾਲ ਦੇ ਸਾਰੇ ਭੱਜ ਜਾਣਗੇ ਅਤੇ ਮੈਂ ਨਿਰਾ ਬਾਦਸ਼ਾਹ ਨੂੰ ਹੀ ਮਾਰ ਲਵਾਂਗਾ।[17] ਅਤੇ ਸਭਨਾ ਲੋਕਾਂ ਨੂੰ ਮੈਂ ਤੁਹਾਡੇ ਵੱਲ ਮੋੜ ਲਿਆਵਾਂਗਾ ... ਸੋ ਸੱਭੇ ਲੋਕ ਸੁਖ ਸਾਂਦ ਨਾਲ ਰਹਿਣਗੇ (17:1–3)।

ਆਪਣੇ ਪਿਓ ਦੀਆਂ ਰਖੇਲਾਂ ਕੋਲ ਜਾਣ ਦੀ ਅਹੀਥੋਫਲ ਦੀ ਸਲਾਹ ਦੁਸ਼ਟਤਾ ਭਰੀ ਸੀ,[18] ਪਰ ਇਹ ਜ਼ਬਰਦਸਤ ਸਲਾਹ ਸੀ।[19] ਅਗਰ ਉਹ ਇਸ ਨੂੰ ਮੰਨ ਲੈਂਦਾ, ਤਾਂ ਉਸ ਦੀ ਜਿੱਤ ਪੱਕੀ ਸੀ। ਪਰ ਖ਼ੁਦਾ ਦੇ ਉਪਾਅ ਮੁਤਾਬਕ, ਅਹੀਥੋਫਲ ਦੀ ਸਲਾਹ ਨੂੰ ਬੇਕਾਰ ਕਰਨ ਵਿਸ਼ੇਸ਼ ਉਦੇਸ਼ ਨਾਲ ਹੀ ਹੂਸ਼ਈ ਯਰੂਸ਼ਲਮ ਵਿਚ ਸੀ। ਅਬਸ਼ਾਲੋਮ ਨੇ ਕਿਸੇ ਹੋਰ ਦਾ ਵਿਚਾਰ ਜਾਣਨ ਦਾ ਫੈਸਲਾ ਕੀਤਾ। ਅਤੇ ਉਸ ਨੇ ਹੂਸ਼ਈ ਦੀ ਸਲਾਹ ਲਈ।

ਜਦ ਅਬਸ਼ਾਲੋਮ ਨੇ ਉਸ ਨੂੰ ਅਹੀਥੋਫਲ ਦੀ ਸਲਾਹ ਦੱਸੀ, ਤਾਂ ਹੂਮਈ ਨੇ ਸਿਰ ਹਿਲਾਉਂਦੇ ਹੋਏ ਅਹੀਥੋਫਲ ਦੀ ਯੋਜਨਾ ਦੇ ਬੇਕਾਰ ਹੋਣ ਦੇ ਤਿੰਨ ਕਾਰਣ ਗਿਣਾਏ: (1) ਇਸ ਵਿਚ ਦਾਊਦ ਦੀ ਯੁੱਧ ਕਰਨ ਦੀ ਸ਼ਕਤੀ ਅਤੇ ਉਸ ਦੀਆਂ ਖ਼ਾਸ ਟੁਕੜੀਆਂ ਨੂੰ ਘੱਟ ਗਿਣਿਆ ਗਿਆ ''ਉਹ ਸੂਰਵੀਰ ਹਨ, ਅਤੇ ਬੱਚਾ ਖੁਹਾਈ ਹੋਈ ਰਿੱਛਣੀ ਵਾਂਗ ਗੁੱਸੇ ਵਿਚ ਹੋਣਗੇ'' (17:8)। (2) ਇਸ ਵਿਚ ਦਾਊਦ ਦੀ ਦੂਰ ਅੰਦੇਸ਼ੀ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਸੀ। ਦਾਊਦ ਛਾਉਣੀ ਵਿਚ ਹੀ ਨਹੀਂ ਰਹੇਗਾ, ਉਹ ਤਾਂ ਕਿਸੇ ਗੁਫ਼ਾ ਵਿਚ ਛੁਪਿਆ ਹੋਵੇਗਾ (17:9)। ਇਸ ਕਾਰਣ, ਜਦ ਉਹ

ਦਾਊਦ ਦੇ ਲੋਕਾਂ ਉੱਤੇ ਹਮਲਾ ਬੋਲਣਗੇ ਤਾਂ ਦਾਊਦ ਆਪ ਉਸ ਘੇਰੇ ਵਿੱਚੋਂ ਨਿਕਲ ਜਾਵੇਗਾ। (3) ਇਸ ਸਮੇਂ ਦਾਊਦ ਦੀ ਫ਼ੌਜੀ ਮਹਾਰਤ ਨੂੰ ਨਜ਼ਰਅੰਦਾਜ਼ ਕੀਤਾ ਗਿਆ ਸੀ। ਹੂਸ਼ਈ ਨੇ ਅਸਲ ਵਿਚ ਕਿਹਾ, ''ਦਾਊਦ ਦੇ ਆਦਮੀ ਸਾਨੂੰ ਮਾਰ ਘੱਤਣ ਦੀ ਉਡੀਕ ਵਿਚ ਬੈਠੇ ਹੋਏ ਹਨ। ਅਗਰ ਅਸੀਂ ਹੁਣੇ ਉਨ੍ਹਾਂ ਦਾ ਪਿੱਛਾ ਕਰਨ ਜਾਂਦੇ ਹਾਂ ਤਾਂ ਅਸੀਂ ਹਾਰ ਜਾਵਾਂਗੇ ਅਤੇ ਸਾਡਾ ਉਦੇਸ਼ ਸਫ਼ਲ ਨਹੀਂ ਹੋਵੇਗਾ'' (17:9, 10)।

ਹੂਸ਼ਈ ਨੇ ਜੋ ਕਿਹਾ ਉਸ ਵਿਚ ਚੰਗਾਈ ਦਾ ਇਕ ਅੰਸ਼ ਵੀ ਨਹੀਂ ਸੀ। ਮਾਰ ਖਾਧਾ ਹੋਇਆ ਦਾਉਦ ਯਰਦਨ ਦੇ ਕਿਨਾਰੇ ਬੈਠਾ ਹੋਇਆ ਸੀ। ਫ਼ੌਜੀ ਨੀਤੀ ਉਸ ਨੇ ਦਿਮਾਗ਼ ਦੇ ਨੇੜੇ ਨੇੜੇ ਨਹੀਂ ਸੀ। ਇਹ ਖੂੰਖਾਰ ਰਿੱਛਣੀ ਵਾਂਗ ਨਹੀਂ ਸਗੋਂ ਮਾਰ ਖਾਧੇ ਹੋਏ ਕੁੱਜੇ ਵਾਂਗ ਸੀ। ਪਰ ਦਾਊਦ ਦੇ ਪਿਛਲੇ ਰਿਕਾਰਡ ਨਾਲ ਅਬਸ਼ਾਲੋਮ ਅਤੇ ਉਸ ਦੀ ਯੁੱਧ ਨੀਤੀ ਬਣਾਉਣ ਵਾਲਿਆਂ ਦੇ ਦਿਮਾਗ਼ ਵਿਚ ਸਵਾਲੀਆ ਨਿਸ਼ਾਨ ਲਗ ਗਿਆ।

ਹੂਸ਼ਈ ਨੇ ਇਕ ਬਦਲਵੀਂ ਯੋਜਨਾ ਸੁਣਾਈ। ਜਿਸ ਵਿਚ ਉਸ ਨੇ ਅਬਸ਼ਾਲੋਮ ਨੂੰ ਕਿਹਾ ਕਿ ਯਰੂਸ਼ਲਮ ਨੂੰ ਆਪ ਫ਼ੌਜ ਅਗਵਾਈ ਕਰਨੀ ਚਾਹਦੀ ਹੈ,[20] ਤਾਂ ਜੋ ਲੋਕਾਂ ਨੂੰ ਪਤਾ ਲਗ ਜਾਵੇ ਕਿ ਜਿੱਤ ਉਸੇ ਦੀ ਅਤੇ ਸਿਰਫ਼ ਉਸੇ ਦੀ ਹੈ। ਅਗਰ ਉਹ ਅਜਿਹਾ ਕਰਦੇ ਹਨ ਤਾਂ ਉਹ ਦਾਊਦ ਅਤੇ ਉਸ ਦੇ ਆਦਮੀਆਂ ਨੂੰ ਨਾਸ ਕਰ ਦੇਣਗੇ; ਹੂਸ਼ਈ ਵੱਲੋਂ ਵਿਖਾਈ ਗਈ ਦਾਊਦ ਦੀ ਹਾਰ ਦੀ ਤਸਵੀਰ ਏਨੀ ਸਪੱਸ਼ਟ ਸੀ ਕਿ ਅਬਸ਼ਾਲੋਮ ਨੇ ਜਿੱਤ ਦੇ ਜਲੂਸ ਵਿਚ ਯਰੂਸ਼ਲਮ ਵਿਚ ਆਪਣੇ ਆਪ ਨੂੰ ਵੇਖਿਆ, ''ਤਦ ਅਬਸ਼ਾਲੋਮ ਅਤੇ ਸਭ ਇਸਰਾਏਲੀ ਪੁਰਖਾਂ ਨੇ ਕਿਹਾ, ਏਰੇਦੀ ਹੂਸ਼ਈ ਦੀ ਸਲਾਹ ਅਹੀਥੋਫਲ ਦੀ ਸਲਾਹ ਨਾਲੋਂ ਚੰਗੀ ਹੈ'' (17:14)। ਇਸ ਤਰ੍ਹਾਂ ਅਬਸ਼ਾਲੋਮ ਦੀ ਸਲਾਹ ਨਾਸ ਹੋਣ ਦੀ ਦਾਊਦ ਦੀ ਦੁਆ ਦਾ ਜਵਾਬ ਮਿਲ ਗਿਆ।

ਜਦ ਅਹੀਥੋਫਲ ਨੇ ਵੇਖਿਆ ਕਿ ਉਸ ਦੀ ਸਲਾਹ ਠੁਕਰਾ ਦਿੱਤੀ ਗਈ ਹੈ, ਤਾਂ ਇਸ ਬਜ਼ੁਰਗ ਨੇ ਆਪਣੇ ਖੋਤੇ ਉੱਤੇ ਕਾਠੀ ਕੱਸੀ ਅਤੇ ਆਪਣੇ ਸ਼ਹਿਰ ਜਾ ਗਿਆ ਅਤੇ ਘਰ ਪਹੁੰਚ ਕੇ ਫਾਹਾ ਲਾ ਲਿਆ (17:23)।[21]

ਹੂਸ਼ਈ ਨੇ ਦਾਊਦ ਨੂੰ ਮੌਕਾ ਦੂਆ ਦਿੱਤਾ ਸੀ, ਪਰ ਉਹ ਜਾਣਦਾ ਸੀ ਕਿ ਅਬਸ਼ਾਲੋਮ ਆਪਣਾ ਮਨ ਬਦਲ ਕੇ ਤੁਰੰਤ ਆਪਣੇ ਪਿਤਾ ਦਾ ਪਿੱਛਾ ਕਰਨ ਲੱਗੇਗਾ। ਹੂਸ਼ਈ ਨੇ ਚੁੱਪਚਾਪ ਜਾ ਕੇ ਸਾਦੋਕ ਅਤੇ ਅਬਯਾਥਾਰ ਯਾਜਕਾਂ ਨੂੰ ਕਿਹਾ, ''ਇਸ ਲਈ ਹੁਣ ਫ਼ੁਰਤੀ ਕਰਕੇ ਦਾਊਦ ਕੋਲ ਸੁਨੇਹਾ ਭੇਜੋ, ਕਿ ਅੱਜ ਰਾਤ ਜੰਗਲੀ ਘਾਟ ਕੋਲ ਨਾ ਠਹਿਰਣਾ, ਜ਼ਰੂਰ ਪਾਰ ਹੋ ਜਾਣਾ; ਅਜਿਹਾ ਨਾ ਹੋਵੇ ਕਿ ਬਾਦਸ਼ਾਹ ਅਤੇ ਜਿੰਨੇ ਲੋਕ ਉਸ ਦੇ ਨਾਲ ਹੋਣ ਸੱਭੇ ਨਾਸ ਹੋ ਜਾਣ'' (17:16)।

ਸਾਦੋਕ ਅਤੇ ਅਬਯਾਥਾਰ ਨੇ ਆਪਣੇ ਪੁੱਤਰਾਂ ਯੋਕਾਤਾਨ ਅਤੇ ਅਹੀਮਾਸ ਦੀ ਇਕ ਦਾਸੀ ਦੇ ਹੱਥ ਸੁਨੇਹਾ ਭੇਜਿਆ।[22] ਇਨ੍ਹਾਂ ਦੋਹਾਂ ਜਵਾਨਾਂ ਦਾ ਪਤਾ ਲਗ ਗਿਆ ਕਿ ਉਹ ਦਾਊਦ ਨੂੰ ਖ਼ਬਰ ਦੇਣ ਗਏ ਹਨ, ਪਰ ਉਨ੍ਹਾਂ ਨੂੰ ਇਕ ਆਦਮੀ ਅਤੇ ਉਸ ਦੀ ਪਤਨੀ ਵੱਲੋਂ ਇਕ ਖੂਹ ਵਿਚ ਛੁਪਾ ਦਿੱਤਾ ਗਿਆ,[23] ਅਤੇ ਇਹ ਬਚ ਬਚਾ ਕੇ ਉਹ ਦਾਊਦ ਤਕ ਖ਼ਬਰ ਪੁਚਾਉਣ ਵਿਚ ਕਾਮਯਾਬ ਹੋ ਗਏ। ਰਾਤ ਨੂੰ ਯਰਦਨ ਪਾਰ ਜਾਣਾ ਖ਼ਤਰਨਾਕ ਸੀ, ਪਰ ਦਾਊਦ ਅਤੇ ਉਸ ਦੇ ਸਾਥੀ ਝੱਟ ਦਰਿਆ ਪਾਰ ਕਰ ਗਏ। ''ਅਤੇ *ਪਹੁ* ਫੁੱਟਣ ਤਕ ਉਨ੍ਹਾਂ ਵਿੱਚੋਂ ਇਕ ਨਾ ਰਹਿ ਗਿਆ ਜਿਹੜਾ ਯਰਦਨ ਪਾਰ ਨਾ ਗਿਆ ਹੋਵੇ'' (17:22)।

ਉਸ ਮੌਕੇ ਦਾਊਦ ਦੀ ਜਾਨ ਬਚਾਉਣ ਲਈ ਜਿੰਮੇਵਾਰ ਲੋਕਾਂ ਦੀ ਲੜੀ ਵੱਲ ਧਿਆਨ ਦਿਓ: ਹੂਸ਼ਈ–ਸਾਦੋਕ ਅਤੇ ਅਬਯਾਥਾਰ–ਦਾਸੀ–ਯੋਨਾਤਾਨ ਅਤੇ ਅਹੀਮਾਸ–ਇਕ ਆਦਮੀ ਅਤੇ ਉਸ ਦੀ ਪਤਨੀ ਜਿਹੜੇ ਬਹੁਰੀਮ ਵਿਚ ਰਹਿੰਦੇ ਸਨ। ਖ਼ੁਦਾ ਨੇ ਹੈਰਾਨੀਜਨਕ ਢੰਗ ਨਾਲ ਕੰਮ ਕੀਤਾ। ਅਜਿਹੇ ਮੌਕਿਆਂ ਦੇ ਕਾਰਣ ਦਾਊਦ ਲਿਖ ਪਾਇਆ: ''ਮੈਂ ਯਹੋਵਾਹ ਜੋ ਸਤੂਤੀ ਦੇ ਯੋਗ ਹੈ ਪੁਕਾਰਾਂਗਾ;

*ਇੰਜ ਮੈਂ ਆਪਣੇ ਦੁਸ਼ਮਣਾਂ ਤੋਂ ਬਚਾਇਆ ਜਾਵਾਂਗਾ''* (ਜ਼ਬੂਰ 18:3)।[24]

ਖ਼ੁਦਾ ਨੇ ਦਾਊਦ ਦੀ ਮਦਦ ਦਾ ਕੰਮ ਅਜੇ ਪੂਰਾ ਨਹੀਂ ਕੀਤਾ ਸੀ: ਦਾਊਦ ਅਤੇ ਉਸ ਦੇ ਸਾਥੀਆਂ ਦੇ ਯਰਦਨ ਦੇ ਪੂਰਬ ਵਿਚ ਸੁਰੱਖਿਅਤ ਜਾਣ ਦੇ ਬਾਅਦ ਉਹ ਉੱਤਰ ਅਤੇ ਮਹਨੈਮ ਵੱਲ ਨੂੰ ਗਏ, ਮਹਨੈਮ ਈਸ਼ਬੋਸ਼ਥ ਦਾ ਰਾਜਧਾਨੀ ਸ਼ਹਿਰ ਸੀ। ਮਹਨੈਮ ਵਿਚ ਤਿੰਨ ਲੋਕ ਦਾਊਦ ਕੋਲ ਸਮਾਨ ਲੈ ਕੇ ਆਏ। ਉਨ੍ਹਾਂ ਦਾ ਨਾਂਅ ਪਾਠ ਵਿਚ ਕਈ ਨਾਵਾਂ ਵਾਂਗ, ਬਾਈਬਲ ਦੇ ਪਾਠਕ ਲਈ ਭਿਆਨਕ ਸੁਪਨੇ ਵਾਂਗ ਹੈ: ''ਅਮਨੋਨੀਆਂ ਦੇ ਰੱਬਾਹ ਤੋਂ ਅਤੇ ਅੰਮੀਏਲ ਦਾ ਪੁੱਤਰ ਮਾਕੀਰ ਲੋ-ਦੋਬਾਰ ਤੋਂ ਅਤੇ ਬਰਜ਼ਿੱਲਈ ਗਿਲਆਦੀ ਰੋਗਲੀਮ'' (17:27)। ''ਉਹ ਮੰਜੇ, ਭਾਂਡੇ, ਮਿੱਟੀ ਦੇ ਭਾਂਡੇ, ਕਣਕ, ਜੌਂ, ਆਟਾ, ਭੁੰਨੇ ਹੋਏ ਅਨਾਜ, ਰਵਾਂਹ ਦੀਆਂ ਫਲੀਆਂ, ਮਸਰ, ਭੁੰਨੇ ਹੋਏ ਛੋਲੇ, ਸ਼ਹਿਦ, ਮੱਖਣ, ਭੇਡਾਂ ਅਤੇ ਗੋਕਾ ਪਨੀਰ ...'' ਲੈ ਕੇ ਆਏ ਕਿਉਂਕਿ ਉਨ੍ਹਾਂ ਨੇ ਕਿਹਾ, ''ਜੰਗਲ ਵਿਚ ਉਹ ਲੋਕ ਭੁੱਖੇ ਪਿਆਸੇ ਅਤੇ ਥੱਕੇ ਮਾਂਦੇ ਹੋਣਗੇ'' (17:28, 29)।

ਜਿਹੜੇ ਲੋਕ ਦਾਊਦ ਦੀ ਮਦਦ ਲਈ ਆਏ ਸਭ ਇੱਕੋ ਜਿਹੇ ਨਹੀਂ ਸਨ। ਸ਼ੋਬੀ ਅਮਨੋਨੀ, ਨਹਾਸ਼ ਦਾ ਪੁੱਤਰ ਸੀ ਜਿਹੜਾ ਉਸ ਅਮਨੋਨੀ ਰਾਜੇ ਦਾ ਭਰਾ ਸੀ ਜਿਸ ਨੇ ਦਾਊਦ ਦੇ ਦੂਤਾਂ ਦਾ ਅਪਮਾਨ ਕੀਤਾ ਸੀ। ਮਾਕੀਰ ਲੋਦਬਾਰ ਦਾ ਰਹਿਣ ਵਾਲਾ ਸੀ ਜੋ ਉੱਤਰ ਵਿਚ ਸੀ। ਉਹ ਮਫ਼ੀਬੋਸ਼ਥ ਦਾ ਪਾਲਣ ਪੋਸ਼ਣ ਕਰਨ ਵਾਲਾ ਆਦਮੀ ਸੀ। (ਮੇਰਾ ਮੰਨਣਾ ਹੈ ਕਿ ਦਾਊਦ ਪ੍ਰਤੀ ਮਾਕੀਰ ਦੀ ਦਰਿਆਦਿਲੀ ਦਾ ਇਕ ਕਾਰਣ ਇਹ ਹੈ ਕਿ ਸੀਬਾ ਗੱਦੀ ਤੇ ਬੈਠਣ ਦੀਆਂ ਮਫ਼ੀਬੋਸ਼ਥ ਦੀਆਂ ਅੱਖਾਂ ਬਾਰੇ ਝੂਠ ਬੋਲ ਰਿਹਾ ਸੀ। ਅਗਰ ਮਫ਼ੀਬੋਸ਼ਥ ਸਾਜ਼ਿਸ਼ ਰਚ ਰਿਹਾ ਸੀ, ਤਾਂ ਸੰਭਵ ਹੈ ਕਿ ਉਸ ਵਿਚ ਮਾਕੀਰ ਦਾ ਹੀ ਹੱਥ ਸੀ।) ਤੀਜਾ ਮਦਦਗਾਰ ਬ੍ਰਿੱਜ਼ਲਈ ਮਹਨੇਮ ਦੇ ਨੇੜੇ ਗਿਲਆਦ ਦਾ ਰਹਿਣ ਵਾਲਾ ਇਕ ਧਨੀ ਆਦਮੀ ਸੀ।

ਇਨ੍ਹਾਂ ਲੋਕਾਂ ਦੇ ਸਮਾਨ ਲਿਆਉਣ ਤੇ ਅਸੀਂ ਫੇਰ ਵੇਖਦੇ ਹਾਂ ਕਿ ਦਾਊਦ ਦੇ ਦੋਸਤ ਉਸ ਕੋਲ ਜਮ੍ਹਾਂ ਹੋ ਰਹੇ ਸਨ ਅਤੇ ਅਸੀਂ ਦਾਊਦ ਦੀ ਦਿਆਲੁਤਾ ਦਾ ਉਸ ਨੂੰ ਬਦਲਾ ਮਿਲਦਾ ਵੇਖ ਰਹੇ ਹਾਂ। ਪਰ ਮੈਂ ਜੋਰ ਦੇਣਾ ਚਾਹਾਂਗਾ ਕਿ ਉਨ੍ਹਾਂ ਸਭ ਦੋਸਤਾਂ ਰਾਹੀਂ ਖ਼ੁਦਾ ਕੰਮ ਕੀਤਾ ਜਾ ਰਿਹਾ ਸੀ। ਖ਼ੁਦਾ ਸਾਨੂੰ ਤਦ ਵੀ ਨਹੀਂ ਛੱਡਦਾ ਜਦ ਉਹ ਸਾਨੂੰ ਤਾੜ ਰਿਹਾ ਹੁੰਦਾ ਹੈ।

## ਉਹਦਾ ਮਨ ਦੁਖੀ ਸੀ (17:24-26; 18:1-33)

ਖ਼ੁਦਾ ਨੇ ਦਾਊਦ ਲਈ ਕੁਝ ਹੋਰ ਕੀਤਾ: ਉਸ ਨੇ ਦਾਊਦ ਨੂੰ ਇਕ ਫ਼ੌਜ ਦਿੱਤੀ ਜਿਸ ਨਾਲ ਉਹ ਆਪਣੀ ਰੱਖਿਆ ਕਰ ਸਕਦਾ ਹੈ। ਯਰੂਸ਼ਲਮ ਤੋਂ ਜਾਣ ਦੇ ਸਮੇਂ ਦਾਊਦ ਨਾਲ ਸਿਰਫ਼ ਛੇ ਸੌ ਸਿਪਾਹੀ ਸਨ। ਪਰ ਅਧਿਆਇ 18 ਵਿਚ ਅਸੀਂ ਪਾਉਂਦੇ ਹਾਂ ਕਿ ਦਾਊਦ ਨੇ ''ਹਜ਼ਾਰਾਂ ਤੇ ਸਰਦਾਰ ਤੇ ਸੈਂਕੜਿਆਂ ਤੇ ਸਰਦਾਰ ਥਾਪੇ'' (ਆਇਤ 1)।[25] ਕਿਉਂਕਿ ਦਾਊਦ ਦੇ ਤਿੰਨ ਸੈਨਾਪਤੀ (ਆਇਤ 2) ਸਨ ਅਤੇ ''ਹਜ਼ਾਰਾਂ ਤੇ ਸਰਦਾਰ'' ਦਾ ਅਰਥ ਘੱਟੋ ਘੱਟ ਦੋ ਹਜ਼ਾਰ ਹੋਵੇਗਾ, ਇਸ ਦਾ ਅਰਥ ਇਹ ਹੋਇਆ ਕਿ ਦਾਊਦ ਦੇ ਛੇ ਸੌ ਲੋਕ ਹਜ਼ਾਰ ਤਕ ਜਾਂ ਇਸ ਤੋਂ ਵੀ ਵੱਧ ਗਏ ਸਨ![26] ਜਦ ਅਬਸ਼ਾਲੋਮ ਆਪਣੀ ਫ਼ੌਜ ਇਕੱਠੀ ਕਰ ਰਿਹਾ ਸੀ, ਤਾਂ ਬਹੁਤ ਸਾਰੇ ਲੋਕ ਨਿਕਲ ਕੇ ਦਾਊਦ ਕੋਲ ਆ ਗਏ।

ਪਰ ਅਖ਼ੀਰ ਵਿਚ ਅਬਸ਼ਾਲੋਮ ਨੇ ਆਪਣੀ ਵਿਸ਼ਾਲ ਫ਼ੌਜ ਯਰਦਨ ਪਾਰ ਲਿਆ ਕੇ ਗਿਲਆਦ ਵਿਚ ਛਾਉਣੀ ਪਾਈ, ਜਿਹੜੀ ਮਹਨੈਮ ਤੋਂ ਬਹੁਤ ਦੂਰ ਨਹੀਂ ਸੀ।[27]

ਇਹ ਪ੍ਰਦਰਸ਼ਨ ਦਾ ਸਮਾਂ ਸੀ। ਦਾਊਦ ਨੇ ਆਪਣੀਆਂ ਫ਼ੌਜਾਂ ਨੂੰ ਕਿਹਾ, ''ਮੈਂ ਵੀ ਜ਼ਰੂਰ ਤੁਹਾਡੇ ਨਾਲ ਜਾਵਾਂਗਾ'' (18:2)। ਉਨ੍ਹਾਂ ਜਵਾਬ ਦਿੱਤਾ, ''ਤੁਸੀਂ ਨਾ ਚੱਲੋ ਕਿਉਂ ਜੋ ਜੇਕਰ ਸਾਨੂੰ ਨੱਸਣਾ ਵੀ ਪਵੇ ਤਾਂ ਉਨ੍ਹਾਂ ਨੂੰ ਸਾਡੀ ਕੋਈ ਲੋੜ ਨਹੀਂ, ਅਤੇ ਜੇ ਕਿਤੇ ਅਸੀਂ ਅੱਧੇ ਮਰ ਵੀ ਜਾਈਏ ਤਾਂ ਵੀ ਉਨ੍ਹਾਂ ਨੂੰ ਸਾਡੀ ਲੋੜ ਨਹੀਂ, ਪਰ ਹੁਣ ਤੁਸੀਂ ਸਾਡੇ ਦਸ ਹਜ਼ਾਰ ਵਰਗੇ ਹੋ।[28] ਸੋ ਚੰਗੀ ਗੱਲ ਇਹ

ਹੈ ਕਿ ਤੁਸੀਂ ਹੁਣ ਸ਼ਹਿਰ ਵਿਚ ਰਹਿ ਕੇ ਉਥੋਂ ਸਾਡੀ ਸਹਾਇਤਾ ਕਰੋ''[29] (18:3)।

ਦਾਊਦ ਦੇ ਜਵਾਬ ਤੇ ਵਿਚਾਰ ਕਰੋ: ''ਜੋ ਗੱਲ ਤੁਹਾਡੀ ਨਿਗਾਹ ਵਿਚ ਚੰਗੀ ਲੱਗੇ ਮੈਂ ਉਹੋ ਹੀ ਕਰਾਂਗਾ'' (18:4)। ਦਾਊਦ ਦਾ ਆਤਮਵਿਸ਼ਵਾਸ, ਅੱਗੇ ਚੱਲਣ ਦੀ ਹਿੰਮਤ ਘਟ ਹੋ ਗਈ ਹੋ ਸਕਦੀ ਹੈ, ਪਰ ਤਾੜਨਾ ਨਾਲ ਉਸ ਨੂੰ ਮੁੜ ਸਮਰਥ ਮਿਲ ਗਈ: ਉਸ ਨੇ ਦੀਨਤਾ ਤੇ ਨਮਰਤਾ ਪਾਈ।

ਪੀੜ ਸੋਚ ਦੀ ਪ੍ਰਕਿਰਿਆ ਤੇ ਅਸਰ ਕਰ ਸਕਦੀ ਹੈ। ਜਦ ਤੁਹਾਡੀ ਤਾੜਨਾ ਹੁੰਦੀ ਹੈ, ਤਾਂ ਜ਼ਰੂਰੀ ਹੈ ਕਿ ਤੁਹਾਡੇ ਨਾਲ ਗੱਲ ਕਰਨ ਵਿਚ ਕਿਸੇ ਨੂੰ ਰੁਕਾਵਟ ਨਾ ਹੋਵੇ ਅਤੇ ਤੁਸੀਂ ਉਨ੍ਹਾਂ ਦੀ ਸਲਾਹ ਲੈਣ ਤੋਂ ਨਾ ਝਿਜਕੋ ਜਿਨ੍ਹਾਂ ਨੂੰ ਤੁਹਾਥੋਂ ਵੱਧ ਸਾਫ਼ ਵਿਖਾਈ ਦਿੰਦਾ ਹੈ।

ਫ਼ੌਜ ਦੇ ਅੱਗੇ ਵਧਣ ਤੇ, ਦਾਊਦ ਨੇ ਬੇਨਤੀ ਕੀਤੀ, ''ਕਿ ਮੇਰੇ ਕਾਰਣ ਉਸ ਜਵਾਨ, ਭਾਵ ਅਬਸ਼ਾਲੋਮ ਨਾਲ ਨਰਮ ਵਰਤਾਅ ਕਰਨਾ'' (18:5)। ਅਬਸ਼ਾਲੋਮ ਦੀ ਯੁੱਧ ਨੀਤੀ ਸਾਫ਼ ਸੀ, ''ਮੇਰੇ ਪਿਤਾ ਨੂੰ ਮਾਰ ਦਿਓ ਦੂਜਿਆਂ ਦੀ ਕੋਈ ਗੱਨ ਨਹੀਂ,'' ਦਾਊਦਦੀ ਯੁੱਧਨੀਤੀ ਸਿੱਧੀ ਸੀ ''ਮੇਰੇ ਪੁੱਰਤਨੂੰ ਮਾਰਨਾ; ਦੂਜਿਆਂ ਦੀ ਕੋਈ ਗੱਲ ਨਹੀਂ।''

ਅਬਸ਼ਾਲੋਮ ਦੀ ਫ਼ੌਜ ਦੇ ਲਈ ਯੁੱਧ ਇਕ ਨਾਮ ਸੀ।[30] ਗਿਲਆਦ ਦੀਆਂ ਜੰਗਲੀ ਪਹਾੜੀਆਂ[31] ਵੁਸ ਦਾ ਨਾਸ ਸਨ। ਦਾਊਦ ਦੇ ਸਿਪਾਹੀ ਨੇ, ਜਿਹੜੇ ਜੰਗਲ ਇਇਲਾਕਿਆਂ ਵਿਚ ਲੜਨ ਵਿਚ ਮਾਹਿਰ ਸਨ, ਅਬਸ਼ਾਲੋਮ ਦੇ ਆਦਮੀਆਂ ਨੂੰ ਘਣੇ ਜੰਗਲ ਵਿਚ ਖਦੇੜ ਦਿੱਤਾ। ਉਹ ਇਕ ਇਕ ਕਰਕੇ,[32] ਅਸਾਨੀ ਨਾਲ ਵੀਹ ਹਜ਼ਾਰ ਮਾਰੇ ਗਏ।[33]

ਮਹਨੈਮ ਵਿਚ ਜਾਣ ਦੀ ਉਡੀਕ ਕਰਦੇ ਹੋਏ ਦਾਊਦ ਨੂੰ ਹੋਣ ਵਾਲੇ ਨੁਕਸਾਨ ਦਾ ਖਿਆਲ ਨਹੀਂ ਸੀ ਅਤੇ ਨਾ ਹੀ ਕਿ ਕੌਣ ਜਿੱਤਿਆ। ਉਸ ਨੂੰ ਸਿਰਫ਼ ਆਪਣੇ ਲੜਕੇ ਦੀ ਫ਼ਿਕਰ ਸੀ। ਅਹੀਮਾਸ ਨੱਸਦਾ ਹੋਇਆ ਸ਼ਹਿਰ ਵਿਚ ਆਇਆ। ਅਹੀਮਾਸ ਸਾਦੋਕ ਯਾਜਕ ਦਾ ਬੇਟਾ ਸੀ ਜਿਹੜਾ ਯਰਦਨ ਦੀ ਖ਼ਬਰ ਦਾਊਦ ਤਕ ਲਿਆਉਣ ਵਾਲਾ ਸਭ ਤੋਂ ਛੋਟਾ ਬੇਟਾ ਸੀ। ਦਾਊਦ ਨੂੰ ਲੱਗਿਆ ਕਿ ਉਹ ਚੰਗੀ ਖ਼ਬਰ ਲਿਆਇਆ ਹੈ (ਸ਼ਾਇਦ ਇਸ ਲਈ ਕਿਉਂਕਿ ਹਾਰ ਦੀ ਹਾਲਤ ਵਿਚ ਕਈ ਲੋਕ ਨਗਰ ਵਿਚ ਸੁਰੱਖਿਅਤ ਥਾਂ ਲੱਭਣ ਆਉਂਦੇ)। ਅਹੀਮਾਸ ਨੇ ਏਨਾ ਹੀ ਕਿਹਾ, ''ਕਲਿਆਣ'' (18:28)। ਅਹੀਮਾਸ ਦੇ ਪਿੱਛੇ ਇਕ ਕੂਸ਼ੀ ਵੀ ਸੀ।[34] ਜਦ ਦਾਊਦ ਨੇ ਪੁੱਛਿਆ, ''ਕੀ ਉਹ ਜਵਾਨ ਭਾਵ ਅਬਸ਼ਾਲੋਮ ਖੈਰ ਨਾਲ ਹੈ?'' ਕੂਸ਼ੀ ਨੇ ਜਵਾਬ ਦਿੱਤਾ, ''ਮੇਰੇ ਮਹਾਰਾਜ ਬਾਦਸ਼ਾਹ ਦੇ ਵੈਰੀ ਅਤੇ ਉਹ ਸੱਭੇ ਜੋ ਬਾਦਸ਼ਾਹ ਦੇ ਵਿਰੋਧ ਵਿਚ ਤੁਹਾਡੇ ਉੱਤੇ ਔਖ ਦੇਣ ਨੂੰ ਉੱਠਦੇ ਹਨ ਸੋ ਉਸ ਜਵਾਨ ਵਰਗੇ ਹੋਣ ਜਾਣ'' (18:32)।

> ਤਦ ਬਾਦਸ਼ਾਹ ਕੰਬ ਉੱਠਿਆ ਅਤੇ ਉਸ ਚੁਬਾਰੇ ਵਿਚ ਜੋ ਡਿਊੜ੍ਹੀ ਦੇ ਉੱਤੇ ਸੀ ਰੋਂਦਾ ਰੋਂਦਾ ਚੜ੍ਹ ਗਿਆ ਅਤੇ ਚੜ੍ਹਦੀ ਵੇਰ ਇਉਂ ਆਖਦਾ ਜਾਂਦਾ ਸੀ, ਹਾਏ ਮਰੇ ਪੁੱਤਰ ਅਬਸ਼ਾਲੋਮ! ਹੇ ਮੇਰੇ ਪੁੱਤਰ, ਮੇਰੇ ਪੁੱਤਰ ਅਬਸ਼ਾਲੋਮ! ਚੰਗਾ ਹੁੰਦਾ ਜੇ ਕਦੀ ਮੈਂ ਤੇਰੇ ਥਾਂ ਮਰਦਾ ਹੇ ਅਬਸ਼ਾਲੋਮ, ਮੇਰੇ ਪੁੱਤਰ! (18:33)

ਹੋ ਸਕਦਾ ਹੈ ਕਿ ਤੁਹਾਡਾ ਬੱਚਾ ਉਂਜ ਨਾ ਪਰਤੇ ਜਿਵੇਂ ਤੁਸੀਂ ਚਾਹੁੰਦੇ ਹੋ। ਉਸ ਦੀ ਜੀਵਨ ਸ਼ੈਲੀ ਤੋਂ ਤੁਹਾਡਾ ਮਨ ਦੁਖੀ ਹੋ ਸਕਦਾ ਹੈ। ਜੋ ਕੁਝ ਵੀ ਹੋਵੇ, ਹੈ ਤਾਂ ਉਹ ਤੁਹਾਡਾ ਬੱਚਾ ਹੀ, ਅਤੇ ਉਸ ਉੱਤੇ ਮੁਸੀਬਤ ਆਉਣ ਤੇ ਤੁਸੀਂ ਜ਼ਰੂਰ ਰੋਵੋਗੇ।

ਤਾੜਨਾ ਨੂੰ ਕਸ਼ਟ ਤੋਂ ਵੱਖ ਨਹੀਂਕੀਤਾ ਜਾ ਸਕਦਾ ਹੈ। ਤੁਹਾਡੇ ਨੇੜੇ ਬਹੁਤ ਸਾਰੇ ਦੋਸਤ ਹੋ ਸਕਦੇ ਹਨ ਜਿਹੜੇ ਤੁਹਾਡੇ ਲਈ ਮਰਨ ਨੂੰ ਤਿਆਰ ਹੋਣ। ਤੁਹਾਨੂੰ ਪਤਾ ਹੋ ਸਕਦਾ ਹੈ ਕਿ ਖ਼ੁਦਾ ਤਹਾਡੇ ਨਾਲ ਹੈ ਅਤੇ ਤੁਹਾਡੀ ਮਦਦ ਕਰ ਰਿਹਾ ਹੈ। ਇਸ ਦੇ ਬਾਵਜੂਦ ਹੰਝੂ ਤਾਂ ਵਹਿਣਗੇ। ਤੁਹਾਡਾ ਦਿਲ

ਟੁੱਟੇਗਾ। ਤਾੜਨਾ ਅਤੇ ਤਕਲੀਫ਼ ਨੂੰ ਇਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ''ਕਿਉਂਕਿ ਹਰ ਕੋਈ ਆਪਣਾ ਹੀ ਭਾਰ [ਜਾਂ ਬੋਝ; KJV] ਚੁੱਕੇਗਾ'' (6:5)।

## ਉਸ ਨੂੰ ਯੋਆਬ ਤੋਂ ਡਾਂਟ ਪਈ ਸੀ (19:1-8)

ਮੈਂ ਪਹਿਲਾਂ ਇਸ ਗੱਲ ਦਾ ਜ਼ਿਕਰ ਕੀਤਾ ਸੀ ਕਿ ਤਾੜਨਾ ਹੋਣ ਤੇ ਚੰਗਾ ਨਹੀਂ ਲਗਦਾ ਅਤੇ ਸਾਨੂੰ ਇਸ ਤੋਂ ਇਨਕਾਰ ਨਹੀਂ ਕਰਨਾ ਚਾਹੀਦਾ। ਭਾਵਨਾਵਾਂ ਨੂੰ ਪਰਗਟ ਕਰਨਾ ਚੰਗਾ ਹੋਣ ਦੀ ਪ੍ਰਕਿਰਿਆ ਦਾ ਇਕ ਭਾਗ ਹੈ। ਮੈਂ ਇਹ ਵੀ ਕਿਹਾ ਸੀ ਕਿ ਆਪਣੇ ਆਪ ਵਿਚ ਲੋੜ ਤੋਂ ਵੱਧ ਗੁੰਮ ਹੋ ਜਾਣਾ ਵੀ ਸੰਭਵ ਹੈ। ਲੋੜ ਤੋਂ ਵੱਧ ਖੋ ਜਾਣਾ ਸਹੀ ਨਹੀਂ ਹੈ। ਇਹ ਸਾਨੂੰ ਨਿਚੋੜ ਕੇ ਸਾਡੇ ਕਰੀਬੀ ਲੋਕਾਂ ਨੂੰ ਨਿਰਾਸ਼ ਕਰ ਸਕਦਾ ਹੈ। ਦਾਊਦ ਆਪਣੇ ਆਪ ਵਿਚ ਗੁੰਮ ਹੋ ਗਿਆ ਸੀ।

ਇਹ ਤੱਥ ਕਿ ਦਾਊਦ ਪਿਸ ਗਿਆ ਸੀ ਸਮਝ ਵਿਚ ਆਉਂਦਾ ਹੈ। ਉਹ ਨਾ ਕੇਵਲ ਅਬਸ਼ਾਲੋਮ ਲਈ, ਸਗੋਂ ਆਪਣੇ ਲਈ ਵੀ ਤੇ ਆਪਣੇ ਵਾਲੇ ਹਾਲਾਤ ਲਈ ਵੀ ਰੋਇਆ ਸੀ। ਪਰ ਉਸ ਦਾ ਸੋਗ ਜਾਂ ਦੁੱਖ ਅਸੰਗਤ ਸੀ। ਉਸ ਦੀ ਗੱਦੀ ਜਾਂ ਉਸ ਦੇ ਬੇਟੇ ਵਿੱਚੋਂ ਇਕ ਹੀ ਬਚ ਸਕਦਾ ਸੀ। ਆਪਣੇ ਸੋਗ ਨੂੰ ਜਰੂਰਤ ਤੋਂ ਵੱਧ ਅਤੇ ਲੋਕਾਂ ਵਿਚ ਪਰਗਟ ਕਰਨ ਤੇ ਇਹ ਸੰਕੇਤ ਮਿਲਦਾ ਹੈ ਕਿ ਕੇਵਲ ਉਹ ਹੀ ਪੀੜ ਦੇ ਬਾਰੇ ਸੋਚ ਰਿਹਾ ਸੀ ਅਤੇ ਉਸ ਨੂੰ ਦੂਜਿਆਂ ਦੀ ਕੋਈ ਚਿੰਤਾ ਨਹੀਂ ਹੈ। ਨਿਰਾ ਉਹੀ ਨਹੀਂ ਜਿਸ ਦਾ ਕੁਝ ਖੁੱਸਿਆ ਹੋਵੇ। ਜੰਗ ਦੇ ਮੈਦਾਨ ਵਿਚ ਘੱਟੋ ਘੱਟ ਵੀਹ ਹਜ਼ਾਰ ਲੋਕ ਮਾਰੇ ਜਾ ਚੁੱਕੇ ਸਨ। ਹਜ਼ਾਰਾਂ ਲੋਕਾਂ ਨੇ ਆਪਣੇ ਪੁੱਤਰਾਂ, ਪੋਤਿਆਂ, ਪਤੀਆਂ, ਪਿਓਵਾਂ ਅਤੇ ਭਰਾਵਾਂ ਨੇ ਸੋਗ ਕੀਤਾ ਹੋਵੇਗਾ।

ਪਹਿਲਾਂ ਦੂਜਿਆਂ ਬਾਰੇ ਸੋਚਣਾ ਦਾਊਦ ਦੀ ਸਭ ਤੋਂ ਵੱਡੀ ਖੂਬੀ ਸੀ। ਹੁਣ ਅਬਸ਼ਾਲੋਮ ਨੂੰ ਗੁਆਉਣ ਦੀ ਤਕਲੀਫ਼ ਦੇ ਪਰਦੇ ਵਿਚ ਉਸਨੇ ਇਕ ਸੁਰਗੀ ਦਰਸ਼ਨ ਬਣਾ ਲਿਆ।

> ਅਤੇ ਉਸ ਦਿਨ ਦੀ ਫ਼ਤਹਿ ਸਭਨਾਂ ਲੋਕਾਂ ਦੇ ਲਈ ਰੋਣ ਦਾ ਕਾਰਣ ਹੋਈ ਕਿਉਂ ਜੋ ਲੋਕਾਂ ਨੇ ਉਸ ਦਿਨ ਖ਼ਬਰ ਸੁਣੀ ਭਈ ਬਾਦਸ਼ਾਹ ਆਪਣੇ ਪੁੱਤਰ ਪਿੱਛੇ ਦੁਖੀ ਹੋਇਆ ਹੈ ਅਤੇ ਲੋਕ ਉਸ ਦਿਨ ਚੋਰੀ ਛਿਪੇ ਸ਼ਹਿਰ ਵਿਚ ਆ ਵੜੇ ਜਿਵੇਂ ਲੋਕ ਲੜਾਈਓਂ ਭਾਜ ਖਾ ਕੇ ਸੰਗਦੇ ਮਾਰੇ ਆਉਣ (19:2, 3)।

ਦਾਊਦ ਦੇ ਦੁੱਖ ਕਾਰਣ ਉਸਦੇ ਸਭ ਮੰਨਣ ਵਾਲਿਆਂ ਤੇ ਕੁਝ ਅਸਰ ਪਿਆ।

ਯੋਆਬ ਨੇ ਜੋ ਕਦੀ ਕੂਟਨੀਤੀਵਾਨ ਨਹੀਂ ਸੀ, ਦਾਊਦ ਦੀ ਅਲੋਚਨਾ ਕੀਤੀ।[35] 19:5–7 ਵਿਚ ਉਸ ਨੇ ਕਹਿਣ ਤੋਂ ਭਾਵ ਸੀ, ''ਤੇਰੇ ਆਦਮੀਆਂ ਨੇ ਤੇਰੇ ਵਾਸਤੇ ਆਪਣੀ ਜਾਨ ਦੀ ਬਾਜ਼ੀ ਲਾ ਦਿੱਤੀ, ਅਤੇ ਤੂੰ ਹੁਣ ਇਵੇਂ ਵਿਹਾਰ ਕਰ ਰਿਹਾ ਹੈਂ ਜਿਵੇਂ ਉਹ ਲੜਾਈ ਜਿੱਤ ਕੇ ਨਹੀਂ ਹਾਰ ਕੇ ਆਏ ਹੋਣ! ਤੂੰ ਸਾਫ਼ ਵਿਖਾ ਦਿੱਤਾ ਹੈ ਕਿ ਜੇ ਇਹ ਸਭ ਮਰ ਜਾਂਦੇ ਅਤੇ ਅਬਸ਼ਾਲੋਮ ਜ਼ਿੰਦਾ ਰਹਿੰਦਾ ਤਾਂ ਤੂੰ ਖੁਸ਼ ਹੋਣਾ ਸੀ। ਬਾਹਰ ਜਾ ਅਤੇ ਅਤੇ ਆਪਣੀ ਖੁਸ਼ੀ ਦਾ ਇਜ਼ਹਾਰ ਕਰ! ਜੇ ਤੂੰ ਅਜਿਹਾ ਨਹੀਂ ਕਰਦਾ ਤਾਂ ਸਵੇਰ ਤਕ ਇਕ ਬੰਦਾ ਵੀ ਤੇਰਾ ਹਮਾਇਤੀ ਨਹੀਂ ਰਹਿਣਾ। ਫਿਰ ਤੈਨੂੰ ਪਤਾ ਲੱਗੇਗਾ ਕਿ ਮੁਸ਼ਕਿਲ ਦੌਰ ਕੀ ਹੁੰਦਾ ਹੈ!''[36]

ਇਹ ਸ਼ਬਦ ਕਠੋਰ ਸਨ, ਤਕਲੀਫ਼ਦੇਹ ਸਨ, ਪਰ ਦਾਊਦ ਇਨ੍ਹਾਂ ਦੀ ਹਕੀਕਤ ਤੋਂ ਇਨਕਾਰ ਨਹੀਂ ਕਰ ਸਕਦਾ ਸੀ। ਯੋਆਬ ਦੀਆਂ ਗੱਲਾਂ ਨੇ ਜਿਵੇਂ ਦਾਊਦ ਨੂੰ ਸੁੱਤੇ ਨੂੰ ਜਗਾ ਦਿੱਤਾ ਹੋਵੇ।

ਜਦ ਖ਼ੁਦਾ ਵੱਲੋਂ ਸਾਡੀ ਤਾੜਨਾ ਹੁੰਦੀ ਹੈ ਤਾਂ ਕਈ ਵਾਰ ਉਹ ਤਕਲੀਫ਼ ਏਨੀ ਜਿਆਦਾ ਹੋ ਜਾਂਦੀ ਹੈ ਕਿ ਅਸੀਂ ਬੋਮਝ ਹੋ ਕੇ ਕੰਮ ਕਰਦੇ ਹਾਂ ਅਤੇ ਦੂਜਿਆਂ ਨੂੰ ਤਕਲੀਫ਼ ਪੁਚਾਉਂਦੇ ਹਾਂ। ਤਦ ਸਾਨੂੰ ਅਜਿਹੇ ਦੋਸਤਾਂ ਦੀ ਲੋੜ ਹੁੰਦੀ ਹੈ ਜਿਹੜੇ ਨਪੇ ਤੁਲੇ ਸ਼ਬਦਾਂ ਨਾਲ ਸਾਡੇ ਜ਼ਮੀਰ ਨੂੰ ਸਗਾ ਸਕਣ। ਉਸ ਵੇਲੇ ਇਹ ਕਸ਼ਟਾਇਕ ਲੱਗੇਗਾ; ਅਸੀਂ ਉਨ੍ਹਾਂ ਦੀ ਬੇਕਰਾਰੀ ਉੱਤੇ ਗੁੱਸੇ ਹੋਵਾਂਗੇ ਜਾਂ ਉਨ੍ਹਾਂ ਦਾ

ਬੁਰਾ ਮੰਨਾਂਗੇ; ਪਰ ਇਹ ਉਹ ਦੋਸਤ ਹਨ ਜਿਹੜੇ ਸ਼ਾਇਦ ਸਾਡੇ ਸਭ ਤੋਂ ਚੰਗੇ ਦੋਸਤ ਹਨ। ''ਸੱਜਣ ਦੇ ਦਿੱਤੇ ਜ਼ਖ਼ਮ ਵੈਰੀ ਦੇ ਚੁੰਮੇ ਨਾਲੋਂ ਬੇਹਤਰ ਹਨ'' (ਕਹਾਉਤਾਂ 27:6; LB)।

ਦਾਊਦ ਆਪਣੇ ਸੋਗ ਵਾਲੇ ਕਮਰੇ ਵਿਚ ਨਿੱਕਲ ਕੇ ਬਾਹਰ ਫਾਟਕ ਤੇ ਆ ਗਿਆ ਅਤੇ ਉਸ ਨੇ ਆਉਣ ਵਾਲੇ ਲੋਕਾਂ ਲਈ ਆਪਣਾ ਲਗਾਅ ਵਿਖਾਇਆ।[37] ਕਿਸੇ ਦੇ ਗਲ ਲਗ ਕੇ ਰੋਇਆ। ਕਿਸੇ ਨੂੰ ਧੰਨਵਾਦ ਦਿੱਤਾ। ਕਿਸੇ ਨੂੰ ਵਧਾਈ ਦਿੱਤੀ। ਅਖ਼ੀਰ ਵਿਚ ਲੋਕ ਆਪਣੀ ਜਿੱਤ ਦਾ ਜ਼ਸ਼ਨ ਮਨਾਉਣ ਨੂੰ ਤਿਆਰ ਸਨ।

ਸੋਗ ਕਰਨ ਦਾ ਵੇਲਾ ਹੈ, ਪਰ ਨਵੇਂ ਸਿਰਿਓਂ ਸ਼ੁਰੂ ਕਰਨ ਦਾ ਵੀ ਵੇਲਾ ਹੈ (ਉਪਦੇਸ਼ਕ 3:4)। ਸਾਡੀ ਤਕਲੀਫ਼ ਉੱਤੇ ਮਲ੍ਹਮ ਲਗਾਉਣ ਦਾ ਵੇਲਾ ਹੈ, ਪਰ ਆਪਣੀ ਪੀੜ ਨੂੰ ਹਨ੍ਹੇਰੇ ਕਮਰੇ ਵਿਚ ਛੱਡ ਕੇ ਕਿਸੇ ਹੋਰ ਵੀ ਚੰਗਾਈ ਕਰਨ ਦਾ ਵੀ ਵੇਲਾ ਹੈ।

## **ਉਸ ਨੇ ਸ਼ਾਂਤੀ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ** (19:8-20: 26)

ਬਗ਼ਾਵਤ ਕੁਝ ਹਫ਼ਤੇ ਹੀ ਚੱਲੀ ਸੀ, ਘਰੇਲੂ ਯੁੱਧ ਰਿਕਾਰਡ ਸਮੇਂ ਵਿਚ ਖ਼ਤਮ ਹੋ ਗਿਆ ਸੀ। ਇਸ ਦਾ ਭਾਵ ਇਹ ਨਹੀਂ ਹੈ ਕਿ ਸਭ ਕੁਝ ਪਹਿਲਾਂ ਵਾਂਗ ਹੋ ਗਿਆ ਸੀ। ਵੰਡ ਦੇ ਬਾਅਦ ਦਾ ਨਤੀਜਾ ਪਹਿਲਾਂ ਹੋਣ ਵਾਲੀ ਗੜਬੜੀ ਨਾਲੋਂ ਵੱਧ ਨਾਸਵਾਨ ਹੋ ਸਕਦਾ ਹੈ। ਅਧਿਆਇ 19 ਦੇ ਆਖ਼ਰੀ ਹਿੱਸੇ ਵਿਚ, ਦਾਊਦ ਨੇ ਅਤੀਤ ਨੂੰ ਭੁਲਾ ਕੇ ਇਕ ਨਮੂਨਾ ਪੇਸ਼ ਕਰਦਿਆਂ, ਦੇਸ਼ ਵਿਚ ਸ਼ਾਂਤੀ ਬਹਾਲੀ ਦੀ ਕੋਸ਼ਿਸ਼ ਕੀਤੀ।

ਲੇਖਕ ਅਤੇ ਟੀਕਾਕਾਰਾਂ ਕੋਲ ਇਸ ਅਨੁਮਾਨ ਦਾ ਕਿ ਯਰੂਸ਼ਲਮ ਪਰਤ ਕੇ ਦਾਊਦ ਨੂੰ ਕੀ ਕਰਨਾ ਚਾਹੀਦਾ ਸੀ ਜਾਂ ਕੀ ਨਹੀਂ, ਦੂਜਾ ਅਨੁਮਾਨ ਹੈ: (1) ਦਾਉਦ ਘਬਰਾਇਆ ਹੋਇਆ ਸੀ, ਉਸ ਦਾ ਮਨ ਅਜੇ ਵੀ ਪੀੜ ਅਤੇ ਦੋਸ਼ ਨਾਲ ਪੀੜਤ ਸੀ। (2) ਦਾਊਦ ਨੂੰ ਇਕ ਦੇ ਬਾਅਦ ਇਕ ਤੁਰੰਤ ਫੈਸਲੇ ਲੈਣੇ ਸਨ, ਜੋ ਕਿ ਅਸਾਨ ਕੰਮ ਨਹੀਂ ਸੀ। (3) ਜਦੋਂ ਤੁਸੀਂ ਗੱਲ ਦਾ ਝਮੇਲਾ ਬਣਾਉਣ ਲਈ ਗੜਬੜ ਕਰਦੇ ਹੋ ਤਾਂ ਤੁਸੀਂ ਜਿੱਤਣ ਦੀ ਹਾਲਤ ਵਿਚ ਨਹੀਂ ਹੁੰਦੇ ਹੋ। ਕੁੱਲ ਮਿਲਾ ਕੇ ਸ਼ਾਂਤੀ ਬਹਾਲੀ ਲਈ ਦਾਊਦ ਦੇ ਯਤਨ ਸ਼ਲਾਘਾਯੋਗ ਸਨ।

19:8 ਦਾ ਆਖ਼ਰੀ ਭਾਗ ਉੱਥੋਂ ਅੱਗੇ ਵਧਦਾ ਹੈ, ਜਿੱਥੋਂ 18:16, 17 ਖ਼ਤਮ ਹੁੰਦਾ ਹੈ। ਜਦੋਂ ਹਾਰੇ ਹੋਏ ਇਸਰਾਏਲੀ ਘਰ ਪਰਤੇ ਤਾਂ ਉਨ੍ਹਾਂ ਨੂੰ ਅਖ਼ੀਰ ਯਾਦ ਆਇਆ ਕਿ ਉਹ ਅਬਸ਼ਾਲੋਮ ਨੂੰ ਰਾਜੇ ਦੇ ਰੂਪ ਵਿਚ ਮਸਹ ਕਰਨ ਦੇ ਵਕਤ ਨੂੰ ਕਿਵੇਂ ਅਸਾਨੀ ਨਾਲ ਭੁੱਲ ਗਏ ਸਨ ਕਿ ਉਨ੍ਹਾਂ ਦੇ ਵੈਰੀਆਂ ਨੂੰ ਦਾਊਦ ਨੇ ਹਰਾਇਆ ਸੀ ਅਤੇ ਦਾਊਦ ਨੇ ਹੀ ਉਨ੍ਹਾਂ ਨੂੰ ਫ਼ਤਹਿ ਦੁਆਈ ਸੀ। ਆਇਤ 10 ਦੇ ਅਖ਼ੀਰ ਵਿਚ ਉਨ੍ਹਾਂ ਦੇ ਸ਼ਬਦ ਦਿਲਚਸਪ ਹਨ: ''ਤਾਂ ਹੁਣ ਤੁਸੀਂ ਕਿਉਂ ਚੁੱਪ ਰਹਿੰਦੇ ਹੋ? ਅਤੇ ਬਾਦਸ਼ਾਹ ਨੂੰ ਮੋੜ ਲਿਆਉਣ ਦੀ ਚਰਚਾ ਕਿਉਂ ਨਹੀਂ ਕਰਦੇ?'' ਕੀ ਤੁਹਾਡੀ ਉਨ੍ਹਾਂ ਦੀ ਗੱਲ ਸੁਣਦੀ ਹੈ?

''ਇਸ ਗੜਬੜੀ ਦਾ ਦੋਸ਼ੀ ਮੈਂ ਨਹੀਂ ਹਾਂ। ਗਲਤੀ ਤੁਹਾਡੀ ਹੈ!''

''ਤੁਸੀਂ ਮੂਰਖ ਬਣਾ ਰਹੇ ਹੋ। ਮੈਂ ਤੁਹਾਨੂੰ ਅਬਸ਼ਾਲੋਮ ਦੇ ਤਾਜਪੋਸ਼ੀ ਸਮੇਂ ਵੇਖਿਆ ਸੀ!''

''ਮੈਂ ਤਾਂ ਇਸ ਲਈ ਉੱਥੇ ਗਿਆ ਸੀ ਕਿ ਮੈਂ ਵੇਖਣਾ ਚਾਹੁੰਦਾ ਸੀ ਕਿ ਕੀ ਹੋ ਰਿਹਾ ਹੈ। ਸਚਮੁਚ ਮੈਂ ਤਾਂ ਇਸ ਸਭ ਦਾ ਵਿਰੋਧੀ ਸਾਂ!''

''ਬੇਸ਼ੱਕ ਤੁਸੀਂ ਸੀ! ਹੁਣ ਸਾਡਾ ਕੋਈ ਬਾਦਸ਼ਾਹ *ਨਹੀਂ* ਹੈ ਅਤੇ ਅਸੀਂ ਅਸਾਨੀ ਨਾਲ ਫਲਿਸਤੀਆਂ ਦਾ ਸ਼ਿਕਾਰ ਬਣ ਸਕਦੇ ਹਾਂ। ਕਿਸੇ ਨੂੰ ਦਾਊਦ ਕੋਲ ਜਾ ਕੇ ਉਸ ਨੂੰ ਵਾਪਸ ਲਿਆਉਣ ਚਾਹੀਦਾ ਹੈ।''

''ਠੀਕ ਹੈ ਤੁਸੀਂ ਜਾਓ।''

''ਨਹੀਂ *ਤੁਸੀਂ* ਜਾਓ।''

ਦਾਊਦ ਨੂੰ ਖ਼ਬਰ ਮਿਲੀ ਕਿ ਉੱਤਰੀ ਕਬੀਲੇ ਦੇ ਲੋਕ ਕੀ ਕਰ ਰਹੇ ਹਨ। ਪਰ ਦਾਊਦ ਯਹੂਦਾ ਦੇ ਕਬੀਲੇ ਬਾਰੇ ਵਧਰੇ ਫ਼ਿਕਰਮੰਦ ਸੀ। ਹੈਬਰੋਨ ਦਾ ਬਾਗੀ ਯਹੂਦਾ ਵਿਚ ਖ਼ਤਮ ਹੋ ਗਿਆ ਸੀ। ਮੁੱਖ ਖਿਡਾਰੀ ਯਹੂਦਾ ਦੇ ਕਬੀਲੇ ਦੇ ਅਬਸ਼ਾਲੋਮ; ਉਸ ਦਾ ਸਲਾਹਕਾਰ; ਅਹੀਥੋਫਲ; ਉਸ ਦੀਆਂ ਫ਼ੌਜਾਂ ਦਾ ਕਮਾਂਡਰ ਅਮਾਸਾ ਸਨ। ਦਾਊਦ ਨੇ ਉਸ ਨੂੰ ਵਾਪਸ ਆਉਣ ਲਈ ਅਗਵਾਈ ਕਰਨ ਲਈ ਯਹੂਦਾ ਦੇ ਆਗੂਆਂ ਨੂੰ ਬੇਨਤੀ ਕਰਨ ਲਈ ਸਾਦੋਕ ਅਤੇ ਅਬਯਾਥਾਰ ਨੂੰ ਸੁਨੇਹਾ ਭੇਜਿਆ। ਇੰਜ ਉਸ ਨੇ ਆਗੂਆਂ ਨੂੰ ਇਹ ਜਤਾ ਦਿੱਤਾ ਕਿ ਉਨ੍ਹਾਂ ਦੀ ਬਗ਼ਾਵਤ ਨੂੰ ਆਪਣੇ ਖ਼ਿਲਾਫ਼ ਨਹੀਂ ਮੰਨੇਗਾ।

ਇਸ ਦੇ ਬਾਅਦ, ਦਾਊਦ ਨੇ ਯੋਆਬ ਦੀ ਥਾਂ ਅਮਾਸਾ ਨੂੰ ਫ਼ੌਜ ਦਾ ਸੈਨਾਪਤੀ ਬਣਾ ਦਿੱਤਾ।[38] ਅਮਾਸਾ ਨੂੰ ਬਗਾਵਤ ਲਈ ਕੇਸ ਚਲ ਕੇ ਮੌਤ ਦੀ ਸਜ਼ਾ ਸੁਣਾਈ ਜਾ ਸਕਦੀ ਸੀ, ਪਰ ਦਾਊਦ ਨੇ ਉਸ ਨੂੰ ਮਾਫ਼ ਕੀਤਾ। ਉਸ ਨੂੰ ਸੈਨਾਪਤੀ ਬਣਾ ਕੇ ਦਾਊਦ ਨੇ ਯਹੂਦਾ (ਕਿਉਂਕਿ ਅਮਾਸਾ ਇਸੇ ਕਬੀਲੇ ਵਿੱਚੋਂ ਸੀ) ਅਤੇ ਪੂਰੇ ਇਸਰਾਏਲ ਲਈ (ਕਿਉਂਕਿ ਅਮਾਸਾ ਨੇ ਇਸਰਾਏਲੀ ਫ਼ੌਜ ਦੀ ਅਗਵਾਈ ਕੀਤੀ ਸੀ) ਦੋਸਤੀ ਦਾ ਹੱਥ ਵਧਾਇਆ।

ਭਾਵੇਂ ਦਾਊਦ ਵਿਰੋਧੀ ਧਿਰ ਦਾ ਸੀ, ਫਿਰ ਵੀ ਉਸ ਨੇ ਵਿਰੋਧ ਕਰਨ ਵਾਲਿਆਂ ਨਾਲ ਸਬੰਧ ਬਹਾਲ ਕਰਨ ਵਿਚ ਅਗਵਾਈ ਕੀਤੀ ਜਿਹੜੀ ਸਾਡੇ ਸਭ ਲਈ ਇਕ ਮਿਸਾਲ ਹੋਣੀ ਚਾਹੀਦੀ ਹੈ। ਯਾਦ ਰੱਖੋ ਕਿ ਤਾੜਨਾ ਦਾ ਇਕ ਮਕਸਦ ਪਰਖਣਾ ਹੈ। ਕੋਈ ਅਜ਼ਮਾਇਸ਼ ਇਹ ਵੇਖਣ ਲਈ ਹੋ ਸਕਦੀ ਹੈ ਕਿ ਸਾਡੇ ਮਨ ਸਾਫ਼ ਕਰਨ ਵਾਲੇ ਹਨ ਕਿ ਨਹੀਂ (ਉਪਦੇਸ਼ਕ 4:31, 32)। ਦਾਊਦ ਦੇ ਕੰਮਾਂ ਕਰਕੇ ਯਹੂਦਾ ਦੇ ਲੋਕ ਖ਼ੁਸ਼ ਹੋਏ ਅਤੇ ਇਕ ਆਦਮੀ ਦੇ ਰੂਪ ਵਿਚ ਉਨ੍ਹਾਂ ਇਹ ਸੁਨੇਹਾ ਭੇਜਿਆ ਕਿ, ''ਤੂੰ ਆਪਣੇ ਸਭ ਕਰਮਚਾਰੀਆਂ ਨੂੰ ਨਾਲ ਲੈ ਕੇ ਪਰਤ ਆ'' (19:14)।

ਦਾਊਦ ਅਤੇ ਉਸ ਦਾ ਪਰਿਵਾਰ ਅਤੇ ਉਸ ਦੇ ਦੋਸਤ ਯਰੂਸ਼ਲਮ ਵੱਲ ਚੱਲ ਪਏ। ਦਾਊਦ ਨਾਲੇ ਗਿਲਆਦੀ ਬ੍ਰਿੱਜ਼ਲਈ ਸੀ, ਜਿਹੜਾ ਮਹਨੇਮ ਵਿਚ ਦਾਊਦ ਲਈ ਸਮਾਨ ਲਿਆਇਆ ਸੀ।[39] ਦਾਊਦ ਵਿਚ ਸ਼ੁਕਰਗੁਜ਼ਾਰੀ ਕੁੱਟ ਕੁੱਟ ਕੇ ਭਰੀ ਹੋਈ ਸੀ। ਯਰਦਨ ਨਦੀ ਕੋਲ ਆ ਕੇ ਦਾਊਦ ਨੇ ਇਸ ਬੁੱਢੇ ਆਦਮੀ ਨੂੰ ਆਪਣੇ ਨਾਲ ਯਰੂਸ਼ਲਮ ਪਰਤ ਜਾਣ ਨੂੰ ਕਿਹਾ। ਬ੍ਰਿੱਜ਼ਲਈ ਨੇ ਜਵਾਬ ਦਿੱਤਾ ਕਿ ਉਹ ਬਹੁਤ ਬੁੱਢਾ ਹੈ ਅਤੇ ਮਹਿਲ ਦੇ ਸੁਖ ਅਤੇ ਅਨੰਦ ਨਹੀਂ ਭੋਗ ਸਕਦਾ ਹੈ। ਉਸ ਨੇ ਆਪਣੇ ਪੁੱਤਰ ਵੱਲ ਇਸ਼ਾਰਾ ਕੀਤਾ[40] ਅਤੇ ਕਿਹਾ, ''ਪਰ ਵੇਖੋ ਤੁਹਾਡਾ ਸੇਵਕ ਕਿਸਹਾਮ ਹੈਗਾ ਉਹ ਮੇਰੇ ਮਹਾਰਾਜ ਬਾਦਸ਼ਾਹ ਦੇ ਨਾਲ ਜਾਵੇ, ਅਤੇ ਜੋ ਤਹਾਨੂੰ ਚੰਗਾ ਦਿਸੇ ਉਸ ਨਾਲ ਕਰਨਾ'' (19:37)। ਦਾਊਦ ਮੰਨ ਗਿਆ, ਫਿਰ ਆਪਣੇ ਬੁੱਢੇ ਦੋਸਤ ਨੂੰ ਗਲੇ ਲਾਇਆ ਅਤੇ ਉਸ ਨੂੰ ਬਰਕਤ ਦਿੱਤੀ। ਔਖੇ ਵੇਲੇ ਮਦਦ ਕਰਨ ਵਾਲਿਆਂ ਨੂੰ ਕਦੇ ਨਾ ਭੁੱਲੋ!

ਜਦੋਂ ਦਾਊਦ ਯਰਦਨ ਕੋਲ ਪਹੁੰਚਾ, ਤਾਂ ਉਸ ਨੂੰ ਯਹੂਦਾ ਤੋਂ ਵੱਡੀ ਅਨਿਸਚਿਤਤਾ ਦਾ ਸਾਹਮਣਾ ਕਰਨਾ ਪਿਆ ਜਿਸ ਦੇ ਲੋਕ ਰਾਜੇ ਦਾ ਆਪਣੇ ਘਰ ਆਉਣ ਤੇ ਸਵਾਗਤ ਕਰਨ ਆਏ ਸਨ। ਮੈਂ ਬਾਦਸ਼ਾਹ ਨੂੰ ਵੇਖ ਕੇ ਉਨ੍ਹਾਂ ਦੇ ਚੀਕਣ ਦੀ ਅਵਾਜ਼ ਸੁਣ ਸਕਦਾ ਹਾਂ, ਰਾਤ ਦੇ ਹਨ੍ਹੇਰੇ ਵਿਚ ਬਾਦਸ਼ਾਹ ਚੋਰੀ ਕਿਉਂ ਆਇਆ!

ਦਾਊਦ ਨੂੰ ਉਹ ਲੋਕ ਵੀ ਮਿਲੇ ਜੋ ਸਿਰਫ਼ ਆਪਣੇ ਬਾਰੇ ਸੋਚਦੇ ਸਨ, ਜੋ ਅਨੰਦਦਾਇਕ ਜਸ਼ਨ ਦਾ ਲਾਭ ਉਠਾਉਣਾ ਚਾਹੁੰਦੇ ਸਨ। ਸੀਬਾ ਉਹੀ ਸੀ। ਕੋਈ ਸ਼ੱਕ ਨਹੀਂ ਕਿ ਯਰੂਸ਼ਲਮ ਵਿਚ ਦਾਊਦ ਦੀ ਵਾਪਸੀ ਉੱਤੇ ਕਹਾਣੀ ਦੇ ਮਫ਼ੀਬੋਸ਼ਥ ਵਾਲੇ ਪੱਖ ਨੂੰ ਸੁਣ ਕੇ ਉਹ ਪਰੇਸ਼ਾਨ ਸੀ। ਬਾਦਸ਼ਾਹ ਨੂੰ ਆਪਣੇ ਕਰਜ਼ੇ ਹੇਠ ਰੱਖਣ ਦੀ ਕੋਸ਼ਿਸ਼ ਕਰਦਿਆਂ, ਸੀਬਾ ਅਤੇ ਉਸ ਦੇ ਪੁੱਤਰ ਅਤੇ ਸੇਵਕ ਦਾਊਦ ਅਤੇ ਉਸ ਦੇ ਘਰਾਣੇ ਨੂੰ ਯਰਦਨ ਪਾਰ ਲੈ ਗਏ।[41]

ਸ਼ਿਮਈ ਉਹ ਸੀ, ਉਹੀ ਸ਼ਿਮਈ ਜਿਸ ਨੇ ਯਰੂਸ਼ਲਮ ਤੋਂ ਬਾਦਸ਼ਾਹ ਦੇ ਬਾਹਰ ਜਾਣ ਤੇ ਉਸ

ਨੂੰ ਸਰਪ ਦਿੱਤਾ ਅਤੇ ਉਸ ਨੂੰ ਪੱਥਰ ਮਾਰੇ ਸਨ। ਤੁਹਾਨੂੰ ਪਤਾ ਨਹੀਂ ਕਿ ਹਿਹ ਪਤਾ ਲੱਗਣ ਤੇ ਕਿ ਬਾਦਸਾਹ ਸ਼ਹਿਰ ਅ ਰਿਹਾ ਹੈ ਉਹ ਭੈਭੀਤ ਹੋ ਗਿਆ? ਸ਼ਿਮਈ ਨੇ ਆਪਣੇ ਆਪ ਨੂੰ ਦਰਿਆ ਦੇ ਕੰਢੇ ਡੇਗ ਕੇ ਰਹਿਮ ਦੀ ਭੀਖ ਮੰਗੀ ਸੀ। ਉਹ ਚੀਕਿਆ ਸੀ, ''ਮੈਂ ਪਾਪ ਕੀਤਾ'' (19:20)।[42] ਉਹ ਬਿਨਯਾਮੀਨ ਦੇ ਕਬੀਲੇ ਦੇ ਆਉਣ ਵਾਲੇ ਇਕ ਹਜ਼ਾਰ ਲੋਕਾਂ ਵਿੱਚੋਂ ਸੀ। ਸ਼ਿਮਈ ਨੇ ਉਨ੍ਹਾਂ ਦੀ ਵੱਲ ਆਪਣਾ ਹੱਥ ਹਿਲਾਇਆ ਅਤੇ ਕਿਹਾ, ''ਘਰ ਵਿਚ ਤੁਹਾਡਾ ਸਵਾਗਤ ਕਰਨ ਲਈ ਉੱਤਰੀ ਕਬੀਲਿਆਂ ਵਿੱਚੋਂ ਅਸੀਂ ਸਭ ਤੋਂ ਪਹਿਲੇ ਹਾਂ!''[43]

ਆਮ ਵਾਂਗ ਅਬੀਸ਼ਈ ਉੱਥੇ ਹੀ ਸ਼ਿਮਈ ਨੂੰ ਮਾਰਨ ਨੂੰ ਤਿਆਰ ਸੀ। ਅਬੀਸ਼ਈ ਕੋਲ ਹਰ ਮੁਸ਼ਕਿਲ ਦਾ ਇਕ ਹੱਲ ਸੀ। (ਉਹ ਇਕ ਮਹਾਨ ਸੈਨਿਕ ਸੀ, ਪਰ ਗੁਆਂਢੀ ਦੇ ਰੂਪ ਵਿਚ ਤੁਸੀਂ ਉਸ ਨਾਲ ਰਹਿਣਾ ਪਸੰਦ ਨਹੀਂ ਕਰੋਗੇ।) ਇਕ ਅਰਥ ਵਿਚ ਦਾਊਦ ਨੇ ਕਿਹਾ, ''ਅੱਜ ਦਾ ਦਿਨ ਅਨੰਦ ਕਰਨ ਦਾ ਹੈ, ਨਾ ਕਿ ਲਹੂ ਵਹਾਉਣ ਦਾ।'' ਉਸ ਨੇ ਆਪਣੇ ਕਦਮਾਂ ਵਿਚ ਝੁਕੇ ਹੋਏ ਆਦਮੀ ਨੂੰ ਕਿਹਾ, ''ਤੂੰ ਮਾਰਿਆ ਨਾ ਜਾਵੇਂਗਾ'' (19:23)।[44] ਯਰਦਨ ਤੋਂ ਦਾਊਦ ਅਤੇ ਉਸ ਦੇ ਸਾਥੀ ਯਰੂਸ਼ਲਮ ਵੱਲ ਵਧਦੇ ਰਹੇ। ਕੋਈ ਸ਼ੱਕ ਨਹੀਂ ਕਿ ਮਗਰ ਵਿਚ ਜਿੱਥੋਂ ਉਹ ਲੰਘਿਆ ਸੀ, ਉੱਥੇ ਬਹੁਤ ਵੱਡੀ ਭੀੜ ਸ਼ੋਰ ਮਚਾਉਂਦੀ ਅਤੇ ਅਨੰਦ ਕਰਦੀ ਸੀ।

ਯਰੂਸ਼ਲਮ ਨੇੜੇ ਆਉਣ ਤੇ, ਬਾਦਸ਼ਾਹ ਦੀ ਮੁਲਾਕਾਤ ਮਫ਼ੀਬੋਸ਼ਥ ਨਾਲ ਹੋਈ। ਇਹ ਜਵਾਨ ਬੇਘਰ, ਅਵਾਰਾ ਜਿਹਾ ਲਗ ਰਿਹਾ ਸੀ। ''ਉਸ ਨੇ ਚਲੇ ਜਾਣ ਦੇ ਦਿਨ ਤੋਂ ਉਸ ਦੀ ਖੈਰ ਸੁੱਖ ਮੁੜ ਆਉਣ ਦੇ ਦਿਨ ਤਕ ਨਾ ਆਪਣੇ ਪੈਰਾਂ ਦੇ ਨਹੁੰ ਕੱਟੇ, ਅਤੇ ਨਾ ਆਪਣੀ ਦਾੜ੍ਹੀ ਕਟਵਾਈ, ਅਤੇ ਨਾ ਆਪਣੇ ਕੱਪੜੇ ਧੁਆਏ ਸਨ'' (19:24)। ਮਫ਼ੀਬੋਸ਼ਥ ਦੀ ਇਹ ਕੋਈ ਪਹੇਲੀ ਨਹੀਂ ਸੀ; ਖ਼ੁਦਾ ਦੀ ਪ੍ਰੇਰਣਾ ਪਾਇਆ ਲੇਖਕ ਦੱਸਦਾ ਹੈ ਕਿ ਅਸਲ ਵਿਚ ਇਵੇਂ ਹੀ ਸੀ। ਗੱਦੀ ਤੇ ਬੈਠਣ ਦੀ ਸਾਜ਼ਿਸ਼ ਰਚਣ ਵਾਲੇ ਆਦਮੀ ਦੀ ਅਜਿਹੀ ਪ੍ਰਤੀਕ੍ਰਿਆ ਉਸ ਦੇ ਵਿਹਾਰ ਨਾਲ ਕੁਝ ਮੇਲ ਨਹੀਂ ਖਾਂਦੀ; ਪਰ ਆਪਣੇ ਬਾਦਸ਼ਾਹ ਅਤੇ ਦੋਸਤ ਦੇ ਆਉਣ ਤੇ ਟੁੱਟੇ ਹੋਏ ਮਨ ਵਾਲੇ ਆਦਮੀ ਨਾਲ ਜ਼ਰੂਰ ਮੇਲ ਖਾਂਦੀ ਹੈ।

ਮਫ਼ੀਬੋਸ਼ਥ ਨੂੰ ਵੇਖ ਕੇ ਦਾਊਦ ਦੇ ਮਨ ਵਿਚ ਸੀਬਾ ਦੀ ਕਹਾਣੀ ਦੇ ਹੋਰ ਖ਼ਿਆਲ ਆਉਣ ਲੱਗੇ। ਉਸ ਨੇ ਪੁੱਛਿਆ, ''ਹੇ ਮਫ਼ੀਬੋਸ਼ਥ, ਤੂੰ ਮੇਰੇ ਨਾਲ ਕਿਉਂ ਨਹੀਂ ਗਿਆ ਸੀ?'' (19:25)। ਮਫ਼ੀਬੋਸ਼ਥ ਦਾ ਜਵਾਬ ਦਿਲ ਦੇ ਤਾਰ ਖਿੱਚ ਲੈਂਦਾ ਹੈ:

> ਹੇ ਮੇਰੇ ਮਹਾਰਾਜ, ਹੇ ਬਾਦਸ਼ਾਹ, ਮੇਰੇ ਟਹਿਲੂਏ ਨੇ ਮੇਰੇ ਨਾਲ ਛਲ ਕੀਤਾ। ਤੁਹਾਡੇ ਸੇਵਕ ਨੇ ਆਖਿਆ ਸੀ ਭਈ ਮੈਂ ਆਪਣੇ ਲਈ ਖੋਤੇ ਉੱਤੇ ਕਾਠੀ ਪਾਵਾਂ ਜੋ ਮੈਂ ਚੜ੍ਹ ਕੇ ਬਾਦਸ਼ਾਹ ਕੋਲ ਜਾਵਾਂ, ਤੁਹਾਡਾ ਸੇਵਕ ਲੰਙਾ ਜੋ ਹੈ। ਪਰ ਉਸ ਨੇ ਮੇਰੇ ਮਹਾਰਾਜ ਬਾਦਸ਼ਾਹ ਦੇ ਅੱਗੇ ਮੇਰੇ ਉੱਤੇ ਜੋ ਤੁਹਾਡਾ ਸੇਵਕ ਹਾਂ ਚੁਗਲੀ ਕੀਤੀ ਪਰ ਮੇਰਾ ਮਹਾਰਾਜ ਬਾਦਸ਼ਾਹ ਤਾਂ ਪਰਮੇਸ਼ੁਰ ਦੇ ਦੂਤ ਵਰਗਾ ਹੈ[45] ਸੋ ਜੋ ਤੁਹਾਨੂੰ ਚੰਗਾ ਦਿੱਸੇ ਸੋ ਕਰੋ। ... ਤੁਸਾਂ ਆਪਣੇ ਸੇਵਕ ਨੂੰ ਉਨ੍ਹਾਂ ਨਾਲ ਬਿਠਾਇਆ ਜੋ ਤੁਹਾਡੇ ਲੰਗਰ ਵਿਚ ਰੋਟੀ ਖਾਂਦੇ ਹਨ। ਫਿਰ ਬਾਦਸ਼ਾਹ ਦੇ ਅੱਗੇ ਹੋਰ ਦੁਹਾਈ ਕਰਨ ਨੂੰ ਮੇਰਾ ਕੀ ਹੱਕ ਹੈ (19:26–28)।

ਮੈਂ ਦਾਊਦ ਨੂੰ ਇਹ ਸੋਚਦੇ ਹੋਏ ਵੇਖਦਾ ਹਾਂ, ''ਹੁਣ ਮੈਂ ਕੀ ਕਰਾਂ?'' ਅਖ਼ੀਰ ਵਿਚ ਉਸ ਨੇ ਕਿਹਾ, ''ਇਸ ਜਮੀਨ ਨੂੰ ਤੁਸੀਂ ਅਤੇ ਸੀਬਾ ਆਪਸ ਵਿਚ ਵੰਡ ਲਓ'' (19:29)। ਇਹ ਸਥਿਤੀ ਹੱਲ ਨਹੀਂ ਸੀ, ਪਰ ਦਾਊਦ ਦੇ ਨੁਕਸਾਨ ਦੀ ਭਰਪਾਈ ਕਰਨ ਦੀ ਕੋਸ਼ਿਸ਼ ਕੀਤੀ।[46] ਮਫ਼ੀਬੋਸ਼ਥ ਨੇ ਖੁਸ਼ੀ ਨਾਲ ਜਵਾਬ ਦਿੱਤਾ, ''ਉਸੇ ਨੂੰ ਸਭ ਦੇ ਦਿਓ, ... ਮੈਂ ਇਸੇ ਨਾਲ ਸੰਤੁਸ਼ਟ ਹਾਂ ਕਿ ਤੂੰ ਵਾਪਸ ਆ ਗਿਆ ਹੈਂ'' (19:30; LB)।

ਭਿਅੰਕਰ ਅਜ਼ਮਾਇਸ਼ ਦੇ ਬਾਅਦ ਦੇ ਨਤੀਜੇ ਵਿਚ, ਤੁਸੀਂ ਕਈ ਵਾਰ ਪਾਓਗੇ ਕਿ ਤੁਸੀਂ ਰੁੱਖੇ

ਸ਼ਬਦ ਬੋਲੇ ਹਨ, ਭਾਵਨਾਂ ਆਹਤ ਦੀਆਂ ਹਨ, ਜਾਂ ਗਲਤ ਫ਼ੈਸਲੇ ਲਏ ਗਏ ਹਨ। ਅਜਿਹਾ ਹੋਵੇ ਤਾਂ ਖ਼ੁਦਾ ਦਾ ਧੰਨਵਾਦ ਕਰੋ ਕਿ ਤੁਹਾਨੂੰ ਇਕ ਮੌਕਾ ਮਿਲਿਆ ਹੈ, ਅਤੇ ਆਪਣੇ ਪੂਰੇ ਯਤਨ ਵਿਚ ਮਾਮਲੇ ਨੂੰ ਮਜਬੂਤ ਕਰੋ। ਇਹ ਟੁੱਥ ਪੇਸਟ ਨੂੰ ਫੇਰ ਟਿਊਬ ਅੰਦਰ ਪਾਉਣ ਦੀ ਕੋਸ਼ਿਸ਼ ਜਿਹਾ ਹੋ ਸਕਦਾ ਹੈ, ਪਰ ਤੁਸੀਂ ਆਪਣੀ ਪੂਰੀ ਕੋਸ਼ਿਸ਼ ਕਰੋ। ਹੋ ਸਕਦਾ ਹੈ ਕਿ ਖ਼ੁਦਾ ਤੁਹਾਨੂੰ ਮਫ਼ੀਬੋਸ਼ਥ ਨੂੰ ਬਰਕਤ ਦੇਵੇ ਜੋ ਤੁਹਾਡੀ ਕੋਸ਼ਿਸ਼ ਦੀ ਤਾਰੀਫ਼ ਕਰੇ।

## ਮੁਸ਼ਕਿਲਾਂ ਜਾਂਦੀਆਂ ਨਹੀਂ (19:40-20:26)

ਸ਼ਾਂਤੀ ਬਹਾਲੀ ਅਤੇ ਸਬੰਧਾਂ ਵਿਚ ਸੁਧਾਰ ਲਈ ਦਾਊਦ ਜੋ ਕੁਝ ਕਰ ਸਕਦਾ ਸੀ ਉਸ ਨੂੰ ਕਰਨ ਦੇ ਬਾਅਦ ਉਹ ਸ਼ਹਿਰ ਵਿਚ ਹੀ ਰਿਹਾ। ਭੀੜ ਵੱਲ ਹੱਥ ਹਿਲਾਉਂਦੇ ਹੋਏ ਮੈਂ ਦਾਊਦ ਦੇ ਇਹ ਵਿਚਾਰ ਕਰਨ ਦੀ ਕਲਪਨਾ ਕਰ ਸਕਦਾ ਹਾਂ, ''ਹੁਣ ਮੈਨੂੰ ਉਮੀਦ ਹੈ ਕਿ ਇਸ ਨੂੰ ਪਿੱਛੇ ਛੱਡ ਕੇ ਮਰਹਮ ਲਗਾਉਣ ਦੀ ਪ੍ਰਕਿਰਿਆ ਅਰੰਭ ਕਰ ਸਕਦੇ ਸਨ।''

ਇਹ ਅਜਿਹਾ ਨਹੀਂ ਸੀ। ਜਿਵੇਂ ਕਿ ਦਾਊਦ ਗੱਦੀ ਤੇ ਪਰਤਿਆ, ਉੱਤਰੀ ਕਬੀਲਿਆਂ ਵੱਲੋਂ ਅਤੇ ਯਹੂਦਾ ਵਿੱਚੋਂ ਆਏ ਨੁਮਾਇੰਦਿਆਂ ਨੇ ਬਾਦਸ਼ਾਹ ਦੀ ਵਾਪਸੀ ਦੇ ਸਬੰਧ ਵਿਚ ਆਪਣੇ ਲੋਕਾਂ ਨਾਲ ਹੋਣ ਵਾਲੀ ਬਦਸਲੂਕੀ ਦਾ ਇਲਜ਼ਾਮ ਲਾਉਂਦਿਆਂ ਉਸ ਉੱਤੇ ਚਿੱਕੜ ਉਛਾਲਿਆ। ਇਕ ਗੁੱਟ ਨੇ ਬਾਦਸ਼ਾਹ ਦੇ ਗੁੱਟ ਵਿਚ ਚੱਕੀ ਦਾ ਪੁੜ ਬੰਨ੍ਹ ਦਿੱਤਾ ਸੀ ਤਾਂ ਦੂਜੇ ਨੇ ਉਸ ਨੂੰ ਸਮੁੰਦਰ ਵਿਚ ਸੁੱਟ ਦਿੱਤਾ; ਹੁਣ ਉਹ ਇਸ ਤੇ ਲੜ ਰਹੇ ਸਨ ਕਿ ਉਸ ਨੂੰ ਬਾਹਰ ਕੱਢਣ ਦਾ ਹੱਕ ਕਿਸ ਨੂੰ ਹੈ!

ਉੱਤਰੀ ਕਬੀਲਿਆਂ ਦੀ ਆਪਸੀ ਲੜਾਈ ਦੇ ਨਤੀਜੇ ਵੱਜੋਂ ਇਕ ਹੋਰ ਬਗਾਵਤ ਦੀ ਕੋਸ਼ਿਸ਼ ''ਸ਼ੇਬਾ ਨਾਮਕ ... ਹੋਛਾ ਆਦਮੀ'' (20:1)। ਇਸ ਬਗਾਵਤ ਨੂੰ ਦਬਾਉਣ ਲਈ ਯੋਆਬ ਨੇ ਅਮਾਸਾ ਨੂੰ ਮਾਰ ਦਿੱਤਾ ਤਾਂ ਜੋ ਉਹ ਦਾਊਦ ਦੀ ਫ਼ੌਜ ਦੇ ਸੈਨਾਪਤੀ ਦੇ ਰੂਪ ਵਿਚ ਵਾਪਸ ਆ ਸਕੇ (ਵੇਖੋ 2 ਸਮੂਏਲ 20:23)!

ਮੈਂ ਦਾਊਦ ਨੂੰ ਅਕਾਸ਼ ਵੱਲ ਵੇਖਦੇ ਆਹ ਭਰਦੇ, ਦੁਆ ਕਰਦੇ ਹੋਏ, ''ਹੇ ਪ੍ਰਭੂ, ਮੈਨੂੰ ਸ਼ਕਤੀ ਦੇ!'' ਵੇਖਦਾ ਹਾਂ।

## ਉਹ ਯਹੋਵਾਹ ਉੱਤੇ ਨਿਰਭਰ ਸੀ

ਇਸ ਅਧਿਆਇ ਨੂੰ ਸਮੇਟਦੇ ਹੋਏ ਸਾਨੂੰ ਪੁੱਛਣਾ ਚਾਹੀਦਾ ਹੈ ਕਿ ''ਅੱਗੇ ਵਧਣ ਲਈ ਦਾਊਦ ਦੀ ਸ਼ਕਤੀ *ਕਿਵੇਂ* ਮਿਲੀ?'' ਇਸ ਦਾ ਜਵਾਬ ਹੈ ਕਿ ਖ਼ੁਦਾ ਉਸ ਦੇ ਨਾਲ ਸੀ (ਵੇਖੋ 2 ਸਮੂਏਲ 18:28, 31)। ਜ਼ਬੂਰ 3 ਅਤੇ 4 ਦੇ ਸ਼ੁਰੂ ਤੋਂ ਪਹਿਲਾਂ ਟਿੱਪਣੀਆਂ ਵੇਖੋ। ਇਹ ਦਾਊਦ ਦੀਆਂ ਸਵੇਰ ਅਤੇ ਸ਼ਾਮ ਦੀਆਂ ਦੁਆਵਾਂ ਹਨ, ''ਜਦ ਉਹ ਆਪਣੇ ਪੁੱਤਰ ਅਬਸ਼ਾਲੋਮ ਦੇ ਅੱਗਿਓਂ ਭੱਜਿਆ।'' ਦੋਵੇਂ ਜ਼ਬੂਰ ਇਨ੍ਹਾਂ ਸ਼ਬਦਾਂ ਨਾਲ ਸ਼ੁਰੂ ਹੁੰਦੇ ਹਨ:

> ਹੇ ਯਹੋਵਾਹ, ਮੇਰੇ ਵਿਰੋਧੀ ਕਿੰਨੇ ਹੀ ਵਧ ਗਏ ਹਨ,
> ਮੇਰੇ ਵਿਰੁੱਧ ਬਹੁਤ ਉੱਠ ਖੜੋਤੇ ਹਨ। ...
> ਪਰ ਹੇ ਯਹੋਵਾਹ ਤੂੰ ਮੇਰੇ ਦੁਆਲੇ ਢਾਲ ਹੈਂ,
> ਮੇਰੀ ਮਹਿਮਾ ਅਤੇ ਮੇਰੇ ਸਿਰ ਦਾ
> ਉਠਾਉਣ ਵਾਲਾ ਹੈਂ (ਜ਼ਬੂਰ 3:1–3)

ਇਹ ਇਨ੍ਹਾਂ ਸ਼ਬਦ ਨਾਲ ਖ਼ਤਮ ਹੁੰਦੇ ਹਨ:

ਹੇ ਯਹੋਵਾਹ, ਆਪਣੇ ਮੁਖੜੇ ਨੂੰ ਸਾਡੇ ਉੱਤੇ ਚਮਕਾ
ਤੈਂ ਮੇਰੇ ਮਨ ਵਿਚ ... ਅਨੰਦ ਪਾ ਦਿੱਤਾ ਹੈ।
ਮੈਂ ਸ਼ਾਂਤੀ ਨਾਲ ਲੇਟਦਿਆਂ ਹੀ ਸੌਂ ਜਾਵਾਂਗਾ,
ਕਿਉਂ ਜੋ ਹੇ ਯਹੋਵਾਹ, ਤੂੰ ਹੀ ਮੈਨੂੰ
ਅਮਨ ਵਿਚ ਵਸਾਉਂਦਾ ਹੈਂ (ਜ਼ਬੂਰ 4:6–8)

ਜਦ ਪਰੇਸ਼ਾਨੀਆਂ ਸਾਡੇ ਰਾਹ ਵਿਚ ਆਉਂਦੀਆਂ ਹਨ, ਤਾਂ ਅਸੀਂ ਆਪਣੀਆਂ ਮੁੱਠੀਆਂ ਖ਼ੁਦਾ ਵੱਲ ਮੋੜ ਸਕਦੇ ਹਾਂ ਜਾਂ ਦੁਆ, ਬੇਨਤੀ ਅਤੇ ਤਾਰੀਫ਼ ਵਿਚ ਹੱਥ ਉੱਪਰ ਚੁੱਕ ਸਕਦੇ ਹਾਂ। ਦਾਊਦ ਨੇ ਅਸ਼ਾਂਤ ਸਮਿਆਂ ਵਿਚ ਵੀ ਅਜਿਹਾ ਹੀ ਕੀਤਾ ਕਿਉਂਕਿ ਉਹ ਖ਼ੁਦਾ ਉੱਤੇ ਭਰੋਸਾ ਰੱਖਦਾ ਸੀ।

## ਸਾਰ

ਆਪਣੇ ਪਾਠ ਵਿਚ, ਖ਼ੁਦਾ ਦੀ ਤਾੜਨਾ ਨੂੰ ਖੁਸ਼ੀ ਨਾਲ ਕਬੂਲ ਕਰ ਲੈਣ ਲਈ ਮੈਂ ਕਈ ਸੁਝਾਅ ਦਿੱਤੇ ਹਨ। ਉਨ੍ਹਾਂ ਵਿੱਚੋਂ ਕੁਝ ਇਹ ਹਨ:

ਆਪਣਾ ਭਵਿੱਖ ਖ਼ੁਦਾ ਦੇ ਹੱਥਾਂ ਵਿਚ ਦੇ ਦਿਓ। ਖ਼ੁਦਾ ਤੁਹਾਨੂੰ ਛੱਡਦਾ ਨਹੀਂ ਹੈ, ਤਦ ਵੀ ਜਦੋਂ ਉਹ ਤੁਹਾਨੂੰ ਤਾੜ ਰਿਹਾ ਹੁੰਦਾ ਹੈ।

ਖ਼ੁਦਾ ਨਾਲ ਅਤੇ ਦੂਜਿਆਂ ਨਾਲ ਸਬੰਧ ਮਜ਼ਬੂਤ ਕਰਕੇ ਭਵਿੱਖ ਦੀਆਂ ਪਰੇਸ਼ਨੀਆਂ ਲਈ ਹੁਣ ਤੋਂ ਤਿਆਰ ਕਰੋ।

ਉਨ੍ਹਾਂ ਦੋਸਤਾਂ ਲਈ ਜਿਹੜੇ ਤੁਹਾਡੀ ਮਦਦ ਕਰਦੇ ਹਨ ਅਤੇ ਤੁਹਾਨੂੰ ਤਸੱਲੀ ਦਿੰਦੇ ਹਨ, ਖ਼ੁਦਾ ਦਾ ਸ਼ੁਕਰ ਕਰੋ, ਅਤੇ ਉਨ੍ਹਾਂ ਨੂੰ ਭੁੱਲੋ ਨਾ।

ਉਨ੍ਹਾਂ ਦੋਸਤਾਂ ਲਈ ਖ਼ੁਦਾ ਦਾ ਸ਼ੁਕਰ ਕਰੋ, ਜਿਨ੍ਹਾਂ ਉਸ ਵਕਤ ਤੁਹਾਡੇ ਜ਼ਮੀਰ ਨੂੰ ਜਗਾਇਆ ਸੀ ਜਦ ਤੁਸੀਂ ਪਾਪ ਵਿਚ ਲਿਪਤ ਸਾਓ।

ਜਜ਼ਬਾਤਾਂ ਨੂੰ ਜ਼ਾਹਰ ਕਰਨ ਤੋਂ ਡਰੋ ਨਾ, ਪਰ ਆਪਣੇ ਉੱਤੇ ਤਰਸ ਖਾਣ ਤੇ ਬਹੁਤਾ ਧਿਆਨ ਨਾ ਲਾਓ।

ਆਪਣੇ ਆਪ ਚੋਂ ਬਾਹਰ ਆ ਕੇ ਦੂਜਿਆਂ ਦੀ, ਖ਼ਾਸ ਕਰਕੇ ਤੁਹਾਡੇ ਨਾਲ ਹੋਣ ਵਾਲੀ ਘਟਨਾ ਤੋਂ ਪ੍ਰਭਾਵਿਤ ਹੋਣ ਵਾਲਿਆਂ ਦੀ ਲੋੜ ਤੇ ਧਿਆਨ ਲਗਾਓ।

ਚੌਕਸ ਰਹੋ ਤਕਲੀਫ਼ ਤੁਹਾਡੀ ਸਾਫ਼ ਸੋਚ ਨੂੰ ਪ੍ਰਭਾਵਿਤ ਕਰ ਸਕਦੀ ਹੈ। ਦੂਜਿਆਂ ਦੀ ਸਲਾਹ ਲੈਣ ਲਈ ਤਿਆਰ ਰਹੋ ਜਿਨ੍ਹਾਂ ਨੂੰ ਹਾਲਾਤ ਤੁਹਾਥੋਂ ਸਾਫ਼ ਨਜ਼ਰ ਆਉਂਦਾ ਹੋਵੇ।

ਜਦ ਤੁਸੀਂ ਫੇਰ ਸਾਫ਼ ਵੇਖ ਸਕਦੇ ਹੋਵੇ, ਜਦ ਤੁਹਾਨੂੰ ਪਤਾ ਲੱਗੇ ਕਿ ਤੁਸੀਂ ਕੁਝ ਗਲਤ ਫ਼ੈਸਲੇ ਲਏ ਹਨ, ਤਾਂ ਇਨ੍ਹਾਂ ਨੂੰ ਮੰਨਣ ਤੋਂ ਵੱਧ ਘਮੰਡ ਨਾ ਕਰੋ ਅਤੇ ਆਪਣੀਆਂ ਗਲਤੀਆਂ ਨੂੰ ਸੁਧਾਰੋ।

ਤਾੜਨਾ ਹੋਣ ਤੇ ਆਪਣੀ ਅਭੇਦਤਾ ਪ੍ਰਤੀ ਸਾਵਧਾਨ ਰਹੋ। ਇਕ ਹੋਰ ਗੱਲ, ਇਸ ਦਾ ਫ਼ਾਇਦਾ ਚੁੱਕਣ ਤੋਂ ਬਚੋ। ਦੂਜੇ ਪਾਸੇ ਬਗਾਵਤ ਕਰਨ ਦੀ ਅਜ਼ਮਾਇਸ਼ ਤੋਂ ਬਚੋ।

ਯਾਦ ਰੱਖੋ ਕਿ ਤਾੜਨਾ ਦਾ ਇਕ ਮਕਸਦ ਸਾਨੂੰ ਪਰਖਣਾ ਹੈ ਅਤੇ ਇਹ ਕਿ ਅਜ਼ਮਾਇਸ਼ ਵਿਚ ਕਾਮਯਾਬ ਹੋ ਜਾਣ ਤੇ ਅਸੀਂ ਬੇਹਤਰ ਲੋਕ ਬਣ ਜਾਵਾਂਗੇ।

ਸਾਨੂੰ ਸਭ ਤੋਂ ਵੱਧ ਪ੍ਰਭਾਵਿਤ ਦਾਊਦ ਦੇ ਵਿਹਾਰ ਨੇ ਕੀਤਾ ਹੈ। ਇਕ ਵਾਰ ਫੇਰ ਦਾਊਦ ਦੇ ਸ਼ਬਦਾਂ ਤੇ ਧਿਆਨ ਦਿਓ: ''ਜੇ ਯਹੋਵਾਹ ਵੱਲੋਂ ਮੇਰੇ ਉੱਤੇ ਕਿਰਪਾ ਦੀ ਨਿਗਾਹ ਹੋਈ ਤਾਂ ਉਹ ਮੈਨੂੰ ਮੋੜ ਲਿਆਵੇਗਾ ... ਪਰ ਜੇ ਉਹ ਇਉਂ ਆਪਣੇ ਭਈ ਮੈਂ ਹੁਣ ਤੇਰੇ ਨਾਲ ਰਾਜੀ ਨਹੀਂ ਤਾਂ ਮੈਂ ਹਾਜ਼ਰ ਹਾਂ। ਜੋ ਉਹਦੀ ਨਿਗਾਹ ਵਿਚ ਚੰਗਾ ਹੈ ਸੋ ਮੇਰੇ ਨਾਲ ਕਰੇ'' (15:25, 26)। ਦਾਊਦ ਨੇ ਕਿਹਾ,

‘‘ਮੈਂ ਆਪਣੇ ਆਪ ਨੂੰ ਖ਼ੁਦਾ ਦੇ ਹੱਥ ਵਿਚ ਦਿੰਦਾ ਹਾਂ। ਉਹ ਮੇਰੇ ਨਾਲ ਜਿਵੇਂ ਚਾਹੇ ਕਰ ਸਕਦਾ ਹੈ। ਮੈਨੂੰ ਉਸ ਤੇ ਭਰੋਸਾ ਹੈ ਕਿ ਉਹ ਚੰਗਾ ਹੀ ਕਰੇਗਾ’’ (ਵੇਖੋ ਜ਼ਬੂਰ 30:4, 5)।

‘‘ਹੇ ਖ਼ੁਦਾ, ਜਦੋਂ ਮੁਸ਼ਕਿਲਾਂ ਸਾਡੀ ਜ਼ਿੰਦਗੀ ਵਿਚ ਘਿਰ ਆਉਣ ਤਾਂ ਸਾਨੂੰ ਆਪਣੇ ਦਾਸ ਦਾਊਦ ਵਾਲਾ ਵਿਹਾਰ ਦੇ। ਸਾਨੂੰ ਇਹ ਸਮਝਣ ਵਿਚ ਮਦਦ ਕਰ ਕਿ ਤੂੰ ਸਾਨੂੰ ਇਸ ਲਈ ਨਹੀਂ ਤਾੜਦਾ ਕਿ ਤੂੰ ਸਾਥੋਂ ਨਫ਼ਰਤ ਕਰਦਾ ਹੈ ਸਗੋਂ ਇਸ ਲਈ ਤਾੜਦਾ ਹੈ ਕਿ ਤੂੰ ਸਾਨੂੰ ਪਿਆਰ ਕਰਦਾ ਹੈਂ। ਹੇ ਪਿਤਾ, ਜੋ ਤੂੰ ਸਾਡੇ ਲਈ ਕਰਨ ਦੀ ਕੋਸ਼ਿਸ਼ ਕਰਦਾ ਹੈ ਅਸੀਂ ਉਸ ਦਾ ਕਿੰਨੀ ਵਾਰ ਵਿਰੋਧ ਕਰਦੇ ਹਾਂ। ਸਾਡੀ ਮਦਦ ਕਰ ਕਿ ਅਸੀਂ ਤੇਰੀ ਤਾੜਨਾ ਨੂੰ ਖੁਸ਼ੀ ਨਾਲ ਮੰਨ ਲਈਏ। ਪ੍ਰਭੂ ਯਿਸੂ ਮਸੀਹ ਦੇ ਨਾਮ ਵਿਚ। ਆਮੀਨ।’’

---

ਟਿੱਪਣੀਆਂ

[1]ਲਿਖਤ ਇਸ ਬਾਰੇ ਅਸਪੱਸ਼ਟ ਹੈ ਕਿ 2 ਸਮੂਏਲ 15:18 ਵਾਲੇ ਛੇ ਸੌ ਇਤਈ ਨਾਲ ਆਉਣ ਵਾਲੇ ਲੋਕ ਸਨ ਜਾਂ ਉਹ ਛੇ ਸੌ ਜਿਨ੍ਹਾਂ ਨੂੰ ਅਸੀਂ ਪਹਿਲਾਂ ਮਿਲ ਚੁੱਕੇ ਹਾਂ, ਜਿਹੜੇ ਜੰਗਲ ਵਿਚ ਦਾਊਦ ਦੇ ਨਾਲ ਸਨ। ਮੇਰਾ ਖਿਆਲ ਹੈ ਕਿ ਉਹ ਬਾਅਦ ਵਾਲੇ ਸਨ। ਕਿਉਂਕਿ ਕਈ ਆਇਤਾਂ ਇਤਈ ਦੇ ਲੋਕਾਂ ਦੀ ਗੱਲ ਕਰਦੀਆਂ ਹਨ, ਕਿਉਂਕਿ ਦਾਊਦ ਨੇ ਬਾਅਦ ਵਿਚ ਆਪਣੀ ਫ਼ੌਜ ਉੱਤੇ ਜ਼ਰਨੈਲ ਠਹਿਰਾ ਦਿੱਤਾ, ਸੰਭਵ ਹੈ ਕਿ ਇਤਈ ਦੇ ਨਾਲ ਕਾਫ਼ੀ ਲੋਕ ਸਨ। [2]ਇਹ ਯਰੂਸ਼ਲਮ ਵਿਚ ਉਨ੍ਹਾਂ ਦੇ ਮਕਾਨਾਂ ਦੀ ਗੱਲ ਹੈ। [3]NIV ਵਿਚ ‘‘ਅਬਯਾਥਾਰ ਲੋਕਾਂ ਦੇ ਸ਼ਹਿਰ ਛੱਡ ਕੇ ਜਾਣ ਤਕ ਕੁਰਬਾਨੀਆਂ ਦਿੰਦਾ ਰਿਹਾ’’ (2 ਸਮੂਏਲ 15:24)। [4]ਦਾਊਦ ਨੇ ਸਾਦੋਕ ਨੂੰ ‘‘ਦਰਸ਼ੀ’’ ਆਖਿਆ (2 ਸਮੂਏਲ 15:27)। ਸੰਭਵ ਹੈ ਕਿ ਇਹ ਦਾਊਦ ਦੇ ਊਰੀਮ ਅਤ ਤੁਮੀਮ ਵਾਲੇ ਏਫ਼ੋਦ ਦੀ ਵਰਤੋਂ ਕਰਨ ਲਈ ਯਹੋਵਾਹ ਤੋਂ ਪੁੱਛਣ ਦੀ ਗੱਲ ਹੈ। ਸਾਦੋਕ ਇਸ ਸਥਿਤੀ ਵਿਚ ਸੀ ਕਿ ਜਾਣ ਸਕੇ ਕਿ ਪਤਾ ਲਾ ਸਕੇ ਕਿ ਕੀ ਹੋ ਰਿਹਾ ਹੈ। [5]ਦਾਊਦ ਨੇ ਕਿਹਾ ਕਿ ਉਹ ‘‘ਉਜਾੜ ਦੇ ਪੱਤਣ ਕੋਲ ਠਹਿਰੇਗਾ’’ (2 ਸਮੂਏਲ 15:28)। ਇਹ ਉਨ੍ਹਾਂ ਥਾਂਵਾਂ ਵਿੱਚੋਂ ਇਕ ਹੋਣਾ ਸੀ ਜਿੱਥੇ ਯਰਦਨ ਦਰਿਆ ਨੂੰ ਤੁਰ ਕੇ ਪਾਰ ਕੀਤਾ ਜਾ ਸਕਦਾ; ਇਹ ਥਾਂ ਯਾਜਕਾਂ ਨੂੰ ਪਤਾ ਸੀ। [6]2 ਸਮੂਏਲ 15:32 ਕਹਿੰਦਾ ਹੈ, ‘‘ਦਾਊਦ ਜਿੱਥੇ ਉਸ ਨੇ ਪਰਮੇਸ਼ੁਰ ਨੂੰ ਸਿਜਦਾ ਕੀਤਾ ਸੀ ਉਸ ਪਹਾੜ੍ਹ ਦੀ ਟੀਸੀ ਉੱਤੇ ਅੱਪੜਿਆ।’’ ਇਹਦਾ ਮਤਲਬ ਇਹ ਹੋ ਸਕਦਾ ਹੈ ਕਿ ਦਾਊਦ ਖ਼ੁਦਾ ਦੀ ਬੰਦਗੀ ਕਰਨ ਲਈ ਰੁਕਿਆ ਜਾਂ ਇਹਦਾ ਮਤਲਬ ਇਹ ਹੋ ਸਕਦਾ ਹੈ ਕਿ ਟੀਸੀ ‘‘ਉੱਚਿਆਂ ਥਾਵਾਂ’’ ਵਿੱਚੋਂ ਇਕ ਉੱਤੇ ਸੀ ਜਿੱਥੇ ਖ਼ੁਦਾ ਦੀ ਬੰਦਗੀ ਹੁੰਦੀ ਸੀ। ਹੈਕਲ ਦੇ ਬਣ ਜਾਣ ਦੇ ਬਾਅਦ ਉੱਚੀਆਂ ਥਾਵਾਂ ਢਾਹ ਦਿੱਤੀਆਂ ਗਈਆਂ ਸਨ (ਪਰ ਬਹੁਤ ਸਾਰੇ ਰਾਜਿਆਂ ਨੇ ਨਹੀਂ ਢਾਈਆਂ ਸਨ)। [7]ਅਰਕੀ ਲੋਕ ਬੇਤੇਲ ਦੇ ਦੱਖਣ ਪੱਛਮ ਦੇ ਰਹਿਣ ਵਾਲੇ ਸਨ (ਯਹੋਸ਼ੁਆ 16:2)। [8]2 ਸਮੂਏਲ 16:17 ਵੀ ਵੇਖੋ। ਕਈ ਵਿਦਵਾਨਾਂ ਦਾ ਮੰਨਣਾ ਹੈ ਕਿ ਇਹ ਕਿਸੇ ਅਹੁਦੇ ਦਾ ਨਾਂਅ ਹੈ (ਵੇਖੋ 1 ਰਾਜਿਆਂ 4:5), ਨਾ ਕਿ ਦਾਊਦ ਨਾਲ ਹੁਸ਼ਈ ਦੇ ਸਬੰਧ ਦਾ ਵੇਰਵਾ (ਵੇਖੋ 1 ਰਾਜਿਆਂ 4:5)। ਪਰ ਦਾਊਦ ਦੇ ਦਰਬਾਰ ਵਿਚ ਹੁਸ਼ਈ ਉੱਤੇ ਜਿੰਨਾਂ ਵੀ ਭਰੋਸਾ ਕੀਤਾ ਜਾ ਸਕਦਾ ਸੀ ਉਸ ਨੇ ਦਾਊਦ ਨਾਲ ਉਸ ਦੀ ਦੋਸਤੀ ਉੱਤੇ ਕੋਈ ਅਸਰ ਨਹੀਂ ਪਾਇਆ। ਅਸਲ ਵਿਚ ਦਾਊਦ ਵੱਲੋਂ ਹੂਸ਼ਈ ਨੂੰ ਦਿੱਤੀ ਸੇਵਾ ਲਈ ਨਿੱਜੀ ਦੋਸਤੀ ਦਾ ਹੋਣਾ ਜ਼ਰੂਰੀ ਸੀ। [9]ਦਾਊਦ ਦੀ ਜ਼ਿੰਦਗੀ ਦੀਆਂ ਕਹਾਣੀਆਂ ਵਿਚ ਜਿਨ੍ਹਾਂ ਵਿਚ ਬਹੁਤਾ ਝੂਠ ਸੀ, ਇਹ ਇਕ ਹੋਰ ਕਹਾਣੀ ਹੈ। ਇਕ ਵਾਰ ਫੇਰ ਮੈਂ ਤੁਹਾਨੂੰ ਯਾਦ ਦੁਆਉਂਦਾ ਹਾਂ ਕਿ ਜਰੂਰੀ ਨਹੀਂ ਕਿ ਇਸ ਤੱਥ ਦਾ ਕਿ ਬਾਈਬਲ ਕਿਸੇ ਘਟਨਾ ਦਾ ਜ਼ਿਕਰ ਨਹੀਂ ਕਰਦੀ, ਮਤਲਬ ਇਸ ਨੂੰ ਖ਼ੁਦਾ ਦੀ ਮੰਜ਼ੂਰੀ ਹੈ। ਦਾਊਦ ਹੋਵੇ ਜਾਂ ਉਸ ਦਾ ਦੋਸਤ, ਸਾਨੂੰ ਬਾਈਬਲ ਦੇ ਕਿਸੇ ਪਾਤਰ ਦੀ ਹਰ ਗੱਲ ਦੀ ਸਫ਼ਾਈ ਦੇਣ ਦੀ ਲੋੜ ਨਹੀਂ ਹੈ। [10]ਜੁਡਸੋਨੀਆ, ਆਰਕਸੈਂਸਾ, 50 ਦੇ ਦਹਾਕੇ ਵਿਚ ਇਕ ਵੱਡੇ ਤੁਫ਼ਾਨ ਨਾਲ ਬਿਲਕੁਲ ਪੱਧਰਾ ਹੋ ਗਿਆ ਸੀ।

ਤੁਸੀਂ ਆਪਣੇ ਸੁਣਨ ਵਾਲਿਆਂ ਨੂੰ ਅਜਿਹੀ ਉਦਾਹਰਣ ਦੱਸੋ ਜਿਸ ਤੋਂ ਉਹ ਵਾਕਫ਼ ਹੋਣ।

[11]ਮਫ਼ੀਬੋਸ਼ਥ ਦਾਊਦ ਦੀ ਮੇਜ਼ ਤੇ ਖਾਣਾ ਖਾ ਰਿਹਾ ਸੀ ਇਸ ਕਰਕੇ ਇਸ ਜਵਾਨ ਨੂੰ ਖ਼ਬਰ ਪਹੁੰਚਾਈ ਗਈ ਹੋਵੇਗੀ ਜਦ ਦਾਊਦ ਨੇ ਯਰੂਸ਼ਲਮ ਸ਼ਹਿਰ ਨੂੰ ਛੱਡਣ ਦਾ ਫ਼ਰਮਾਨ ਦਿੱਤਾ। [12]ਖ਼ਬਰ ਉਦਾਹਰਣਾਂ ਨਾਲ, ਖ਼ਾਸ ਕਰਕੇ ਉਨ੍ਹਾਂ ਲੋਕਾਂ ਦੀਆਂ ਉਦਾਹਣਾਂ ਨਾ ਭਰੀ ਹੈ ਜਿਹੜੇ ਬੁੱਢੇ ਅਤੇ ਕਮਜ਼ੋਰ ਲੋਕਾਂ ਦਾ ਸ਼ਿਕਾਰ ਕਰਦੇ ਹਨ। ਕਾਰੋਬਾਰ ਵਧਾਉਣ ਲਈ ਕਲਾਕਾਰ ਬਜ਼ੁਰਗਾਂ ਨੂੰ ਲੁੱਟਦੇ ਹਨ। ਧਾਰਮਿਕ ਅਤੇ/ਜਾਂ ਦਾਨੀ ਕੰਮਾਂ ਦੇ ਕਲਾਕਾਰ ਆਪਣੀਆਂ ਵਸੀਹਤਾਂ ਆਪਣੇ ਪੱਖ ਵਿਚ ਕਰਾਉਣ ਲਈ ਵਿਧਦਵਾਵਾਂ ਨੂੰ ਲੈਂਦੇ ਹਨ। [13]ਸ਼ਿਮਈ ਮੰਨਦਾ ਹੋਵੇਗਾ ਕਿ ਸ਼ਾਊਲ ਅਤੇ ਉਸ ਦੇ ਪੁੱਤਰਾਂ ਦੀ ਜ਼ਿੰਮੇਵਾਰੀ ਦਾਊਦ ਦੀ ਹੈ ਕਿਉਂਕਿ ਬਾਹਰੋਂ ਉਹ ਆਕੀਸ਼ ਦਾ ਵਫ਼ਾਦਰ ਰਿਹਾ ਸੀ। ਜਾਂ ਸ਼ਾਇਦ ਉਸ ਨੇ ਦਾਊਦ ਉੱਤੇ ਈਸ਼ਬੋਸ਼ਥ ਦੀ ਮੌਤ ਦਾ ਜ਼ਿੰਮੇਵਾਰ ਹੋਣ ਦਾ ਇਲਜ਼ਾਮ ਲਾਇਆ ਸੀ। ਜਾਂ 2 ਸਮੂਏਲ 21:1−14 ਵਾਲੀਆਂ ਘਟਨਾਵਾਂ ਪਹਿਲਾਂ ਵਾਪਰੀਆਂ ਤਾਂ ਹੋ ਸਕਦਾ ਹੈ ਕਿ ਸ਼ਮਈ ਦੇ ਮਨ ਵਿਚ ਉਹੀ ਘਟਨਾਵਾਂ ਹੋਣ। [14]ਦਾਊਦ ਨੇ ਆਪਣੀ ਗੱਲ ਇਨ੍ਹਾਂ ਸ਼ਬਦਾਂ ਨਾਲ ਸ਼ੁਰੂ ਕੀਤੀ, ''ਹੇ ਸ਼ਰੂਯਾਹ ਦੇ ਪੁੱਤਰੋ, ਤੁਹਾਡੇ ਨਾਲ ਮੇਰਾ ਕੀ ਕੰਮ ਹੈ'' (2 ਸਮੂਏਲ 16:10)। ਸਰੂਯਾਹ ਦਾਊਦ ਦੀ ਭੈਣ ਸੀ ਅਤੇ ''ਸਰੂਯਾਹ ਦੇ ਪੁੱਤਰ'' ਯੋਆਬ ਅਤੇ ਅਬੀਸ਼ਈ ਸਨ। ਯੋਆਬ ਵੀ ਦਾਊਦ ਦੇ ਨਾਲ ਸੀ। ''ਤੁਹਾਡੇ ਨਾਲ ਮੇਰਾ ਕੀ ਕੰਮ?'' ਤੋਂ ਭਾਵ ਹੈ ''ਸਾਡਾ ਨਜ਼ਰੀਆ ਵੱਖੋ ਵੱਖ ਹੈ।'' [15]ਅਬਸ਼ਾਲੋਮ ਦੀ ਚਾਲ 2 ਸਮੂਏਲ 17:4 ਵਿਚ ਕਾਮਯਾਬ ਹੁੰਦੀ ਲਗਦੀ ਹੈ ਜਿੱਥੇ ਲਗਦਾ ਹੈ ਕਿ ''ਸਾਰੇ ਇਸਰਾਏਲੀ ਬਜ਼ੁਰਗ'' ਉਹਦੇ ਨਾਲ ਸਨ। ''ਇਸਰਾਏਲ'' ਦਸ ਉੱਤਰੀ ਕਬੀਲਿਆਂ ਨੂੰ ਹੀ ਨਹੀਂ ਬਲਕਿ ਸਭ ਕਬੀਲਿਆਂ ਨੂੰ ਕਿਹਾ ਗਿਆ ਹੋਵੇਗਾ। [16]ਇਸ ਭਾਗ ਵਿਚ ਆਏ ਪਹਿਲੇ ਪਾਠ ਵਿਚ ''ਮਨੁੱਖ ਜੋ ਕੁਝ ਬੀਜਦਾ'' ਵਿਚ ਇਸ ਘੱਟਨਾ ਤੇ ਟਿੱਪਣੀਆਂ ਵੇਖੋ। [17]ਇਸ ਕਿਤਾਬ ਵਿਚ ਪਹਿਲੇ ਆਏ ਪਾਠ ਵਿਚ ''ਮਨੁੱਖ ਜੋ ਬੀਜਦਾ ਹੈ'' ਤੇ ਅਹੀਥੋਫ਼ਲ ਤੇ ਨੋਟਸ ਵੇਖੋ। ਅਹੀਥੋਫ਼ਲ ਨੇ ਦਾਊਦ ਨੂੰ ਬਾਦਸ਼ਾਹ ਆਖਿਆ ਕਿਉਂਕਿ ਪੁਰਾਣੇ ਸਲਾਹਕਾਰ ਨੂੰ ਪਤਾ ਸੀ ਕਿ ਗੱਦੀ ਉੱਤੇ ਕਿਸ ਨੂੰ ਹੋਣਾ ਚਾਹੀਦਾ ਹੈ। [18]ਇਹ ਖ਼ੁਦਾ ਦੀ ਸ਼ਰ੍ਹਾ ਦੇ ਖਿਲਾਫ਼ ਸੀ (ਵੇਖੀਆਂ 20:11; 1 ਕੁਰਿੰਥੀਆਂ 5:1 ਵੀ ਵੇਖੋ)। [19]2 ਸਮੂਏਲ 17:14 ਇਸ ਨੂੰ ''ਚੰਗੀ ਸਲਾਹ'' ਦੱਸਦਾ ਹੈ, ਜੋ ਚੰਗੀ, ਅਬਸ਼ਾਲੋਮ ਲਈ ਚੰਗੀ ਸੀ। [20]ਜਿੱਥੋਂ ਤਕ ਸਾਨੂੰ ਪਤਾ ਹੈ, ਫ਼ੌਜੀ ਮਾਮਲਿਆਂ ਵਿਚ ਅਬਸ਼ਾਲੋਮ ਨੂੰ ਕੋਈ ਤਜ਼ੁਰਬਾ ਨਹੀਂ ਸੀ। ਲੜਾਈ ਵਿਚ ਜ਼ਾਹਿਰ ਹੈ ਕਿ ਅਬਸ਼ਾਲੋਮ ਨੇ ਕੋਈ ਤੋਪ ਜਾਂ ਹਥਿਆਰ ਨਹੀਂ ਰੱਖਿਆ ਹੋਇਆ ਸੀ। ਅਤੇ ਸ਼ਾਇਦ ਉਹਦੇ ਕੋਲ ਕੋਈ ਚਾਕੂ ਜਾਂ ਤਲਵਾਰ ਵੀ ਨਹੀਂ ਸੀ। ਹੂਸ਼ਈ ਨੇ ਅਬਸ਼ਾਲੋਮ ਨੂੰ ਹਰਾਉਣ ਲਈ ਉਹਦੇ ਹੰਕਾਰ ਦੇ ਨਿਕੰਮੇਪਣ ਤੇ ਵਿਚਾਰ ਕੀਤਾ।

[21]ਇਹ ਬਾਈਬਲ ਵਿਚ ਦਰਜ ਚਾਰ ਖੁਦਕਸ਼ੀਆਂ ਵਿੱਚੋਂ ਇਕ ਹੈ। ਸੁਝਾਅ ਦਿੱਤਾ ਗਿਆ ਹੈ ਕਿ ਅਹੀਥੋਫਲ ਨੇ ਆਪਣੇ ਆਪ ਨੂੰ ਮੁਕਾ ਲਿਆ ਕਿਉਂਕਿ ਉਹਨੂੰ ਪਤਾ ਸੀ ਕਿ ਜਦ ਉਨ੍ਹਾਂ ਨੇ ਉਹਦੀ ਸਲਾਹ ਨਹੀਂ ਮੰਨੀ, ਕਿ ਅਬਸ਼ਾਲੋਮ ਦਾ ਮਕਸਦ ਕਾਮਯਾਬ ਨਹੀਂ ਹੋਇਆ ਅਤੇ ਉਸ ਨੂੰ ਡਰ ਸੀ ਕਿ ਦਾਊਦ ਉਸ ਨੂੰ ਮਾਰ ਸੁੱਟੇਗਾ ਜਿਸ ਕਰਕੇ ਉਸ ਨੇ ਆਪੇ ਫਾਹਾ ਲੈ ਲਿਆ। ਖ਼ੁਦਾ ਨੇ ਚਾਹਿਆ ਤਾਂ ਖੁਦਕਸ਼ੀ ਦੇ ਵਿਸ਼ੇ ਉੱਤੇ ਸ਼ਾਊਲ ਉੱਤੇ ਆਉਣ ਵਾਲੀ ਕਿਸੇ ਕਿਤਾਬ ਵਿਚ ਵਿਸਤਾਰ ਨਾਲ ਗੱਲ ਕੀਤੀ ਜਾਵੇਗੀ। [22]ਦਾਊਦ ਤਕ ਖ਼ਬਰ ਪਹੁੰਚਾਉਣ ਲਈ ਇਕ ਵੇਰਵੇ ਸਹਿਤ ਯੋਜਨਾ ਤਿਆਰ ਕੀਤੀ ਗਈ ਸੀ (2 ਸਮੂਏਲ 15:34−36)। ਦੋ ਬੇਟੇ ਸ਼ਹਿਰਪਨਾਹ ਤੋਂ ਬਾਹਰ ਖੜੇ ਸਨ, ਕਿਉਂਕਿ ਸ਼ਹਿਰ ਵਿਚ ਵੜਨ ਅਤੇ ਉੱਥੋਂ ਜਾਣ ਤੇ ਉਨ੍ਹਾਂ ਉੱਤੇ ਸ਼ੱਕ ਹੋ ਸਕਦਾ ਸੀ (2 ਸਮੂਏਲ 17:17)। ਉਹ ਸ਼ਹਿਰਪਨਾਹ ਤੋਂ ਬਾਹਰ ਕਿਦਰੋਨ ਘਾਟੀ ਵਿਚ ਏਨ ਰੋਗੇਲ ਨਾਮਕ ਝਰਨੇ ਕੋਲ ਰੁਕੇ ਸਨ। ਪਾਣੀ ਲੈਣ ਲਈ ਝਰਨੇ ਤੇ ਆਉਣ ਵਾਲੀ ਗੋਲੀ ਵੱਲ ਕਿਸੇ ਦਾ ਧਿਆਨ ਨਹੀਂ ਜਾਣਾ ਸੀ। [23]ਇਹ ਇਕ ਦਿਲਚਸਪ ਕਹਾਣੀ ਹੈ ਜੋ ਸਾਨੂੰ ਰਾਹਾਬ ਵੱਲੋਂ ਲੁਕਾਏ ਗਏ ਦੋ ਜਾਸੂਸਾਂ ਦੀ ਕਹਾਣੀ ਨਾਲ ਮਿਲਦੀ ਹੈ। [24]ਤੁਸੀਂ ਇੱਥੇ ਜਵਾਨਾਂ ਲਈ ਲਿਖਿਆ ਇਕ ਗੀਤ, ਜਿਵੇਂ ''ਪਿਆਰੋ ਹਿੰਮਤ ਬਾਂਧੋ'' ਗਵਾ ਸਕਦੇ ਹੋ। [25]ਇਨ੍ਹਾਂ ਵਿੱਚੋਂ ਇਕ ਜਰਨੈਲ ਗਿੱਤੀ ਇਤਈ ਸੀ। ਦਾਊਦ ਲਈ ਉਸ ਦੇ ਸਮਰਪਣ ਦਾ ਇਨਾਮ ਦਿੱਤਾ ਗਿਆ ਸੀ। [26]ਜੋਸੇਫ਼ਸ ਕਹਿੰਦਾ ਹੈ ਕਿ ਦਾਊਦ ਦੀ ਫ਼ੌਜ ਸਿਰਫ਼ ਚਾਰ ਹਜ਼ਾਰ ਸੀ। ਹੋ ਸਕਦਾ

ਹੈ। [27]2 ਸਮੂਏਲ 17:24–26 ਅਬਸ਼ਾਲੋਮ ਨੇ ਅਮਾਸਾ ਨੂੰ ਫ਼ੌਜ ਉੱਤੇ ਠਹਿਰਾ ਦਿੱਤਾ। ਅਮਾਸਾ ਦਾਊਦ ਦਾ ਭਣੇਵਾਂ ਅਤੇ ਅਬਸ਼ਾਲੋਮ ਦਾ ਚਚੇਰਾ ਭਰਾ ਸੀ। [28]ਸ਼ਤਰੰਜ ਦੀ ਖੇਡ ਵਿਚ, ਬਾਦਸ਼ਾਹ ਦਾ ਜਿੱਤਣਾ ਸਭ ਤੋਂ ਅਹਿਮ ਹੁੰਦਾ ਹੈ। ਜੇ ਤੁਸੀਂ ਆਪਣੇ ਬਾਦਸ਼ਾਹ ਨੂੰ ਬਚਾ ਕੇ ਵਿਰੋਧੀ ਦੇ ਬਾਦਸ਼ਾਹ ਨੂੰ ਜਿੱਤ ਲੈਂਦੇ ਹੋ, ਤਾਂ ਮੋਹਰਿਆਂ ਦੀ ਐਨੀ ਅਹਿਮੀਅਤ ਨਹੀਂ ਰਹਿ ਜਾਂਦੀ। ਇੱਥੇ ਇਹੀ ਹਾਲਤ ਸੀ। [29]ਜ਼ਾਹਿਰ ਹੈ ਕਿ ਬਾਦਸ਼ਾਹ ਦੀ ਰਖਵਾਲੀ ਅਤੇ ਲੋੜ ਪੈਣ ਤੇ ਹਮਲਾ ਕਰਨ ਲਈ ਤਿਆਰ ਸਿਪਾਹੀਆਂ ਦੀ ਇਕ ਛੋਟੀ ਟੁਕੜੀ ਸ਼ਹਿਰ ਵਿਚ ਦਾਊਦ ਦੇ ਨਾਲ ਸੀ। [30]ਜੋਸੇਫ਼ਸ ਨੇ ਲਿਖਿਆ ਹੈ ਕਿ ਦਾਊਦ ਨੇ ਅਬਸ਼ਾਲੋਮ ਦੀ ਫ਼ੌਜ ਉੱਤੇ ਅਚਾਨਕ ਚੜ੍ਹਾਈ ਕਰ ਦਿੱਤੀ ਅਤੇ ਤਿਆਰੀ ਨਾ ਹੋਣ ਕਰਕੇ ਉਹ ਜੰਗਲਾਂ ਵੱਲ ਨੱਸ ਗਏ।

[31]ਜੰਗਲ ਨੂੰ ''ਇਫ਼ਰਾਈਮ ਦਾ ਜੰਗਲ'' ਕਿਹਾ ਗਿਆ ਹੈ, ਜਦ ਕਿ ਲੜਾਈ ਜ਼ਾਹਿਰ ਹੈ ਕਿ ਗਿਲਿਆਦ ਵਿਚ ਹੋਈ ਸੀ (17:26), ਜੋ ਯਰਦਨ ਦੇ ਪੂਰਵ ਵੱਲ ਸੀ, ਅਤੇ ਇਫ਼ਰਾਈਮ ਯਰਦਨ ਦੇ ਪੱਛਮ ਵੱਲ। ਸੁਝਾਅ ਦਿੱਤਾ ਗਿਆ ਹੈ ਕਿ ਇਸ ਜੰਗਲ ਨੂੰ ਉੱਥੇ ਇਫ਼ਰਾਈਮੀਆਂ ਦੀ ਮੌਤ ਦੀ ਯਾਦਗਾਰ ਲਈ ''ਇਫ਼ਰਾਈਮ ਦਾ ਜੰਗਲ'' ਆਖਿਆ ਜਾਂਦਾ ਸੀ (ਨਿਆਈਆਂ 12:1–6)। [32]ਇਹ ਵੀ ਹੋ ਸਕਦਾ ਹੈ ਕਿ ''ਉਸ ਦਿਨ ਜਿਹੜੇ ਬਣ ਦੇ ਕਾਰਣ ਨਾਸ ਹੋਏ ਉਨ੍ਹਾਂ ਨਾਲੋਂ ਜੋ ਤਲਵਾਰ ਦੇ ਨਾਲ ਮੋਏ ਬਹੁਤ ਵਧੀਕ ਸੀ'' (2 ਸਮੂਏਲ 18:8)। ਸ਼ਬਦਾਂ ਦਾ ਅਰਥ ਖੂਹ ਵਿਚ ਡਿੱਗ ਕੇ (ਵੇਖੋ 2 ਸਮੂਏਲ 18:17), ਜੰਗਲੀ ਜਾਨਵਰਾਂ ਆਦਿ ਰਾਹੀਂ ਖਾਧੇ ਜਾਣ ਨਾਲ ਮਰਨ ਵਾਲੇ ਸਿਪਾਹੀਆਂ ਤੋਂ ਹੈ। [33]ਲਿਖਤ ਇਸ ਬਾਰੇ ਸਾਫ਼ ਨਹੀਂ ਦੱਸਦੀ ਕਿ ਵੀਹ ਹਜ਼ਾਰ ਸਿਰਫ਼ ਅਬਸ਼ਾਲੋਮ ਦੇ ਆਦਮੀ ਸਨ ਜਾਂ ਕੁਲ ਮਿਲਾ ਕੇ ਸਭ ਵੀਹ ਹਜ਼ਾਰ ਸਨ। ਮੇਰੇ ਮੁਤਾਬਕ ਤਾਂ ਸਿਰਫ਼ ਅਬਸ਼ਾਲੋਮ ਦੇ ਆਦਮੀ ਹੀ ਵੀਹ ਹਜ਼ਾਰ ਸਨ। [34]ਕੂਸ਼ ਨੀਲ ਦੇ ਉੱਪਰਲੇ ਇਲਾਕੇ, ਮਿਸਰ ਦਾ ਦੱਖਣੀ ਇਲਾਕਾ ਸੀ, ਜਿਸ ਨੂੰ ਹੁਣ ਇਥੋਪੀਆ ਅਤੇ ਸੂਡਾਨ ਕਿਹਾ ਜਾਂਦਾ ਹੈ। [35]ਇਹ ਸਾਫ਼ ਨਹੀਂ ਹੈ ਕਿ ਦਾਊਦ ਨੂੰ ਪਤਾ ਸੀ ਜਾਂ ਨਹੀਂ ਕਿ ਯੋਆਬ ਨੇ ਅਬਸ਼ਾਲੋਮ ਨੂੰ ਮਾਰਿਆ ਸੀ (ਵੇਖੋ 1 ਰਾਜਿਆਂ 2:5)। ਦਾਊਦ ਨਾਲ ਯੋਆਬ ਦੀ ਬੇਖ਼ੌਫ਼ ਗੱਲਬਾਤ ਤੋਂ ਮੈਨੂੰ ਲਗਦਾ ਹੈ ਕਿ ਯੋਆਬ ਨੂੰ ਨਹੀਂ ਲਗਦਾ ਸੀ ਕਿ ਦਾਊਦ ਨੂੰ ਪਤਾ ਹੋਵੇਗਾ। [36]ਅਜਿਹਾ ਕਰਨ ਦੇ ਪਿੱਛੇ ਯੋਆਬ ਦੀ ਮੰਸ਼ਾ ਮਿਲੀ ਜੁਲੀ ਲਗਦੀ ਹੈ। ਦਾਊਦ ਲਈ ਚਿੰਤਤ ਹੋਣ ਦੇ ਇਲਾਵਾ ਉਹ ਦੇਸ਼ ਅਤੇ ਅਧਿਕਾਰ ਦੀ ਉਸ ਦੀ ਸਥਿਤੀ ਵੀ ਸੀ। ਜੋ ਵੀ ਹੋਵੇ ਉਹਦੀਆਂ ਗੱਲਾਂ ਦਾ ਦਾਊਦ ਲਈ ਬੜਾ ਮਹੱਤਵ ਸੀ। [37]ਯੋਆਬ ਨੇ ਉਸ ਨੂੰ ਲੋਕਾਂ ਨਾਲ ''ਪਿਆਰ ਨਾਲ ਬੋਲਣ'' ਦੀ ਚੁਣੌਤੀ ਦਿੱਤੀ ਸੀ (2 ਸਮੂਏਲ 19:7)। ਮੂਲ ਵਿਚ ਯੋਆਬ ਨੇ ਕਿਹਾ, ਲੋਕਾਂ ਦੇ ''ਦਿਲ ਨਾਲ ਗੱਲ ਕਰ'' ਭਾਵ ਉਨ੍ਹਾਂ ਦੇ ਦਿਲਾਂ ਵਿਚ ਵੜ ਜਾ। LB ਦੇ ਅਨੁਵਾਦ ਵਿਚ ਯੋਆਬ ਨੂੰ ਇਹ ਕਹਿੰਦਿਆਂ ਵਿਖਾਇਆ ਗਿਆ ਹੈ, ''ਬਾਹਰ ਜਾ ਕੇ ਫ਼ੌਜ ਨੂੰ ਮੁਬਾਰਕਬਾਦ ਦੇ।'' [38]ਆਪਣੇ ਜਿਸਮ ਵਿਚ ਕੰਡੇ ਤੋਂ ਪਿੱਛਾ ਛੁਡਾਉਣ ਦੀ ਦਾਊਦ ਦੀ ਇਹ ਇਕ ਹੋਰ ਕੋਸ਼ਿਸ਼ ਹੈ। ਭਲਾ ਦਾਊਦ ਯੋਆਬ ਦਾ ਮੁਕਾਬਲਾ ਕਰਨ ਦੇ ਉਸ ਦੇ ਗ਼ੈਰ ਸਿਆਸੀ ਢੰਗ ਤੋਂ ਨਾਖੁਸ਼ ਸੀ? ਸ਼ਾਇਦ। ਭਲਾ ਦਾਊਦ ਨੂੰ ਪਤਾ ਸੀ ਕਿ ਯੋਆਬ ਨੇ ਅਬਸ਼ਾਲੋਮ ਨੂੰ ਮਾਰਿਆ ਹੈ? ਸ਼ਾਇਦ (ਭਾਵੇਂ ਦਾਊਦ ਨੇ ਬਾਅਦ ਵਿਚ ਯੌਆਬ ਦੇ ਕਾਰਿਆਂ ਦਾ ਜ਼ਿਕਰ ਨਹੀਂ ਕੀਤਾ, 1 ਰਾਜਿਆਂ 2:5)। [39]ਬ੍ਰਿੱਜ਼ਲਈ ਦੀ ਕਹਾਣੀ ਬਾਈਬਲ ਵਿਚ ਅੱਗੇ ਦਿੱਤੀ ਗਈ ਹੈ, ਪਰ ਹੈ ਇਹ ਦਾਊਦ ਦੇ ਯਰਦਨ ਪਾਰ ਤੋਂ *ਪਹਿਲਾਂ* ਦੀ (2 ਸਮੂਏਲ 19:33, 39)। ਮੈਂ ਇੱਥੇ ਘਟਨਾਵਾਂ ਨੂੰ ਕਾਲਕ੍ਰਮ ਵਿਚ ਰੱਖਣ ਦੀ ਕੋਸ਼ਿਸ਼ ਕੀਤੀ ਹੈ। [40]ਜੋਸੇਫ਼ਸ ਦੇ ਲੇਖਾਂ ਵਿਚ ਕਿਮਹਾਮ ਬ੍ਰਿਜ਼ਲਈ ਦਾ ਪੁੱਤਰ ਸੀ, ਜਿਵੇਂ ਸਪਤਤੀ ਅਨੁਵਾਦ ਦੇ ਕਈ ਅੰਕਾਂ ਵਿਚ 1 ਰਾਜਿਆਂ 2:7 ਵਿਚ ਇਸ ਦੀ ਹਮਾਇਤ ਹੈ।

[41]ਦ ਜਰੂਸਲੇਮ ਬਾਈਬਲ ਮੁਤਾਬਕ ਉਨ੍ਹਾਂ ਨੇ ਉਨ੍ਹਾਂ ਨੂੰ ਪਾਰ ਪਹੁੰਚਾਇਆ। [42]ਸ਼ਿਮਈ ਬਾਈਬਲ ਵਿਚਲੇ ਉਨ੍ਹਾਂ ਮੁੱਠੀ ਭਰ ਲੋਕਾਂ ਵਿੱਚੋਂ ਹੈ ਜਿਨ੍ਹਾਂ ਨੇ ਇਹ ਸ਼ਬਦ ਕਹੇ। ਜ਼ਾਹਿਰ ਹੈ ਕਿ ਉਸ ਨੇ ਇਹ ਸ਼ਬਦ ਆਪਣੇ ਕੰਮਾਂ ਦੇ ਨਤੀਜਿਆਂ ਤੋਂ ਬਚਣ ਦੀ ਕੋਸ਼ਿਸ਼ ਲਈ ਕਹੇ। [43]ਉਸ ਨੇ ''ਯੂਸੁਫ਼ ਦਾ ਘਰਾਣਾ'' ਸ਼ਬਦਾਂ ਦੀ ਵਰਤੋਂ ਕੀਤੀ (2 ਸਮੂਏਲ 19:20)। ਯੂਸਫ਼ ਦੀ ਸੰਤਾਨ, ਇਫ਼ਰਾਈਮ ਅਤੇ ਮਨੱਸ਼ੇ ਦੇ ਦੋਵੇਂ ਕਬੀਲੇ ਉੱਤਰੀ ਕਬੀਲਿਆਂ ਵਿੱਚੋਂ ਸਭ ਤੋਂ ਵੱਡੇ ਅਤੇ ਸਭ ਤੋਂ ਪ੍ਰਭਾਵਸ਼ਾਲੀ ਸਨ। ਇਸ ਲਈ ''ਯੂਸਫ਼ ਦਾ ਘਰਾਣਾ''

ਸਾਰੇ ਉੱਤਰੀ ਕਬੀਲਿਆਂ ਲਈ ਵਰਤਿਆ ਗਿਆ ਹੈ। [44]ਦਾਊਦ ਨੇ ਕਦੇ ਉਸ ਉੱਤੇ ਭਰੋਸਾ ਨਹੀਂ ਕੀਤਾ, ਅਤੇ ਮੌਤ ਦੇ ਆਪਣੇ ਬਿਸਤਰੇ ਉੱਤੇ ਉਸ ਨੇ ਸੁਲੇਮਾਨ ਨੂੰ ਹਦਾਇਤਾਂ ਦਿੱਤੀਆਂ ਸਨ ਜੋ ਅਖ਼ੀਰ ਸ਼ਿਮਈ ਦੀ ਮੌਤ ਦਾ ਕਾਰਣ ਬਣੀਆਂ। [45]ਦਾਊਦ ਇਹ ਫ਼ੈਸਲਾ ਕਰਨ ਵਿਚ ਕਿ ਸਹੀ ਜਾਂ ਗਲਤ ਕੀ ਹੈ, ''ਖ਼ੁਦਾ ਦੇ ਫ਼ਰਿਸ਼ਤੇ ਵਾਂਗ'' ਸੀ। ਤਕੋਆਹ ਤੋਂ ਆਈ ਬੁੱਧਵਾਨ ਔਰਤ ਨੇ ਦਾਊਦ ਲਈ ਇਹੀ ਸ਼ਬਦਾਵਲੀ ਵਰਤੀ ਸੀ (2 ਸਮੂਏਲ 14:17)। [46]ਦਾਊਦ ਉਸ ਮਾਂ ਵਾਂਗ ਸੀ ਜਿਸ ਦੇ ਦੋ ਬੱਚੇ ਵੱਖੋ ਵੱਖ ਕਹਾਣੀਆਂ ਦੱਸਦੇ ਹਨ। ਹੋ ਸਕਦਾ ਹੈ ਕਿ ਉਹਨੂੰ ਯਕੀਨ ਹੋਵੇ ਕਿ ਉਨ੍ਹਾਂ ਵਿੱਚੋਂ ਇਕ ਝੂਠ ਬੋਲ ਰਿਹਾ ਹੈ, ਪਰ ਕੋਈ ਸਬੂਤ ਨਾ ਹੋਣ ਕਰਕੇ ਉਹ ਦੋਹਾਂ ਨਾਲ ਇੱਕੋ ਜਿਹਾ ਸਲੂਕ ਕਰਦੀ ਹੈ।